ਰੋਜ਼ਾਨਾ
ਲੋਕ ਬਾਣੀ
ਨੂੰ ਪੱਤਰਕਾਰਾਂ ਦੀ ਲੋੜ
99155-94111

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR | ਮੁੱਖ ਸੰਪਾਦਕ : ਅਮਨਦੀਪ ਮਹਿਰਾ | ਸੋਮਵਾਰ, 01 ਜੁਲਾਈ 2024

R. N. I. Punpun/29016/2008 ✶ ਸਾਲ 16 , ✶ ਅੰਕ : 28, ✶ ਮੁੱਲ : 6 ਰੁਪਏ ✶ ਕੁੱਲ ਪੇਜ: 10 ✶ ਦਫਤਰ : 0181-2211009 ✶ M : 99155-94111




DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697 , 97806-00998


## ਕੈਦਾਰਨਾਥ ਚ ਆਇਆ ਬਰਫੀਲਾ ਤੂਫ਼ਾਨ



ਚੰਡੀਗੜ੍ਹ (ਵਿਨੋਦ ਸ਼ਰਮਾ) ਦੇਸ਼ ਭਰ 'ਚ ਪੈ ਰਹੇ ਭਾਰੀ ਮੀਂਹ ਦਰਮਿਆਨ ਉੱਤਰਾਖੰਡ 'ਚ ਕੇਦਾਰਨਾਥ ਮੰਦਰ ਨੇੜੇ ਬਰਫੀਲਾ ਤੂਫਾਨ ਆਇਆ ਜਿਸ ਕਾਰਨ ਮੰਦਰ ਦੇ ਪਿੱਛੇ ਸਥਿਤ ਪਹਾੜੀ 'ਤੇ ਸਵੇਰੇ ਗਾਂਧੀ ਸਰੋਵਰ ਨੇੜਲਾ ਬਰਫ਼ ਦਾ ਇੱਕ ਵੱਡਾ ਹਿੱਸਾ ਖਿਸਕ ਗਿਆ। ਹਾਲਾਂਕਿ ਇਸ ਨਾਲ ਕੋਈ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ। ਇਸ ਤੋਂ ਪਹਿਲਾਂ ਸ਼ਨਿਚਰਵਾਰ ਨੂੰ ਉੱਤਰਾਖੰਡ ਦੇ ਹਰਿਦੁਆਰ 'ਚ ਗੰਗਾ ਨਦੀ ਦੇ ਪਾਣੀ ਦਾ ਪੱਧਰ ਵਧਣ ਕਾਰਨ 8 ਵਾਹਨ ਰੁੜ੍ਹ ਗਏ ਸਨ। ਦੂਜੇ ਪਾਸੇ ਝਾਰਖੰਡ ਦੇ ਗਿਰੀਡੀਹ ਜ਼ਿਲ੍ਹੇ ਵਿੱਚ ਮੌਨਸੂਨ ਦੇ ਪਹਿਲੇ ਮੀਂਹ ਕਾਰਨ ਇੱਕ ਨਿਰਮਾਣ ਅਧੀਨ ਪੁਲ ਡਿੱਗ ਗਿਆ। ਗਿਰੀਡੀਹ ਦੇ ਦੇਵਰੀ ਬਲਾਕ 'ਚ ਅਰਗਾ ਨਦੀ 'ਤੇ ਇਹ ਪੁਲ 5.5 ਕਰੋੜ ਰੁਪਏ ਦੀ ਲਾਗਤ ਨਾਲ ਉਸਾਰਿਆ ਜਾ ਰਿਹਾ ਸੀ ਐਤਵਾਰ ਨੂੰ ਪੁਲ ਦਾ ਗਾਰਡਰ ਟੁੱਟ ਗਿਆ।

## ਮਹਾਰਾਸ਼ਟਰ ਚ ਝਰਨੇ ਥਲੇ ਨਹਾਉਣ ਗਏ ਇਕੋਂ ਪਰਿਵਾਰ ਦੇ ਮੈਂਬਰਾਂ ਦੀ ਡੁੱਬਣ ਦੀ ਖ਼ਬਰ



ਮੁੰਬਈ ( ਲੋਕ ਬਾਣੀ) ਲੋਨਾਵਾਲਾ ਚ ਭੂਸ਼ੀ ਡੈਮ ਨੇੜੇ ਝਰਨੇ ਚ ਇਕ ਔਰਤ ਅਤੇ 4 ਬੱਚੇ ਡੁੱਬ ਗਏ। 2 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਖੋਜ ਅਤੇ ਬਚਾਅ ਕਾਰਜ ਜਾਰੀ ਹਨ। ਪੁਣੇ ਦੇ ਐਸ.ਪੀ. ਪੰਕਜ ਦੇਸ਼ਮੁਖ ਨੇ ਕਿਹਾ ਹੈ ਕਿ ਸਾਰੇ ਪੰਜ ਲੋਕ ਪੁਣੇ ਸੱਯਦ ਨਗਰ ਦੇ ਇਕ ਪਰਿਵਾਰ ਦੇ ਹਨ।

## ਸਰਕਾਰ ਖ਼ਿਲਾਫ਼ ਵੈਟਰਨਰੀ ਇੰਸਪੈਕਟਰਾਂ ਵਲੋਂ ਸੰਘਰਸ਼ ਕਰਨ ਦਾ ਐਲਾਨ



ਜਲੰਧਰ,( ਵਿਸ਼ਾਲ ਸ਼ੈਲੀ) ਪੰਜਾਬ ਸਟੇਟ ਵੈਟਰਨਰੀ ਇੰਸਪੈਕਟਰਜ਼ ਐਸੋਸੀਏਸ਼ਨ ਦੀ ਸੂਬਾ ਕਮੇਟੀ ਦੀ ਮੀਟਿੰਗ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ । ਇਸ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸੂਬਾ ਪ੍ਰਧਾਨ ਗੁਰਦੀਪ ਬਾਸੀ ਨੇ ਕਿਹਾ ਕਿ ਸਰਕਾਰ ਦੀ ਮੁਲਾਜ਼ਮ ਮਾਰੂ ਨੀਤੀ ਦੇ ਵਿਰੋਧ ਵਿਚ ਪੰਜਾਬ ਦੇ ਵੈਟਰਨਰੀ ਇੰਸਪੈਕਟਰ ਮਿਤੀ 7 ਜੁਲਾਈ ਨੂੰ ਜਲੰਧਰ ਵਿਖੇ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਘੇਰਨਗੇ । ਜੇਕਰ ਪੰਜਾਬ ਸਰਕਾਰ ਨੇ ਵੈਟਰਨਰੀ ਇੰਸਪੈਕਟਰ ਕੇਡਰ ਦੀਆਂ ਮੰਗਾਂ ਮਸਲਿਆਂ ਦਾ ਨਿਪਟਾਰਾ ਨਾ ਕੀਤਾ ਤਾਂ ਜਲੰਧਰ ਜ਼ਿਮਨੀ ਚੋਣ ਵਿਚ ਡੋਰ ਟੂ ਡੋਰ ਜਾ ਕੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਦਾ ਪਰਦਾਫਾਸ਼ ਕੀਤਾ ਜਾਵੇਗਾ ਅਤੇ ਮੁੱਖ ਮੰਤਰੀ ਦੀ ਜਲੰਧਰ ਵਿਚਲੀ ਰਿਹਾਇਸ਼ ਅੱਗੇ ਲਗਾਤਾਰ ਵਿਰੋਧ ਪਰਦਰਸ਼ਨ ਕੀਤੇ ਜਾਣਗੇ।

## ਭਾਰਤ ਨੂੰ ਟੀ-20 ਜਿਤਾਉਣ ਤੋਂ ਬਾਅਦ ਰਵਿੰਦਰ ਜਡੇਜਾ ਨੇ ਲਿਆ ਸੰਨਿਆਸ




ਦਿੱਲੀ ( ਲੋਕ ਬਾਣੀ) ਰਵਿੰਦਰ ਜਡੇਜਾਨੇ ਟੀ-20 ਅੰਤਰਰਾਸ਼ਟਰੀ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਹੈ। ਜਡੇਜਾ ਨੇ ਆਪਣੇ ਸੋਸ਼ਲ ਮੀਡੀਆ ਤੇ ਲਿਖਿਆ, ਟੀ-20 ਵਿਸ਼ਵ ਕੱਪ ਜਿੱਤਣਾ ਇਕ ਸੁਪਨਾ ਸੀ, ਜੋ ਮੇਰੇ ਟੀ-20 ਅੰਤਰਰਾਸ਼ਟਰੀ ਕਰੀਅਰ ਦਾ ਸਿਖ਼ਰ ਸੀ।

## ਲਾਡੋਵਾਲ ਟੋਲ ਕਿਸਾਨਾਂ ਵਲੋਂ ਕੀਤਾਂ ਗਿਆ ਪੂਰਨ ਤੌਰ ਤੇ ਬੰਦ



ਲੁਧਿਆਣਾ ( ਸੁਖਚੈਨ ਮਹਿਰਾ) ਪੰਜਾਬ ਦੇ ਸਭ ਤੋਂ ਮਹਿੰਗੇ ਲਾਡੋਵਾਲ ਟੌਲ ਪਲਾਜ਼ਾ ਦੀ ਅੱਜ ਵੱਖ ਵੱਖ ਕਿਸਾਨ ਜਥੇਬੰਦੀਆਂ, ਸਹਿਯੋਗੀ ਯੂਨੀਅਨਾਂ ਅਤੇ ਹੋਰ ਸੰਗਠਨਾਂ ਵੱਲੋਂ ਤਾਲਾਬੰਦੀ ਕਰਕੇ ਟੌਲ ਮੁਫ਼ਤ ਕਰ ਦਿੱਤਾ ਗਿਆ ਹੈ। ਇੱਥੇ ਪਿਛਲੇ 15 ਦਿਨਾਂ ਤੋਂ ਕਿਸਾਨ ਜਥੇਬੰਦੀਆਂ ਟੌਲ ਦਰਾਂ ਵਿੱਚ ਕੀਤੇ ਵਾਧੇ ਨੂੰ ਲੈ ਕੇ ਧਰਨਾ ਲਗਾ ਕੇ ਰੋਸ ਜਤਾ ਰਹੀਆਂ ਸਨ ਤੇ ਟੌਲ ਪਲਾਜ਼ਾ ਤੋਂ ਬਿਨਾਂ ਪਰਚੀ ਮੁਫ਼ਤ ਵਾਹਨ ਲੰਘਾਏ ਜਾ ਰਹੇ ਸਨ ਜਦਕਿ ਅੱਜ ਟੌਲ ਬੂਥਾਂ ਦੇ ਕੈਬਿਨਾਂ ਨੂੰ ਪੱਕੇ ਤੌਰ 'ਤੇ ਬੰਦ ਕਰਨ ਦੀ ਕਾਰਵਾਈ ਨਾਲ ਹੀ ਧਰਨਾ ਖ਼ਤਮ ਕਰ ਦਿੱਤਾ ਗਿਆ ਹੈ। ਟੌਲ ਪਲਾਜ਼ਾ 'ਤੇ ਅੱਜ ਇਕੱਠ ਦੌਰਾਨ ਸਰਬਸੰਮਤੀ ਨਾਲ ਫ਼ੈਸਲਾ ਕਰਕੇ ਟੌਲ ਪਲਾਜ਼ਾ ਦੇ ਕੈਬਿਨਾਂ 'ਤੇ ਕਿਸਾਨੀ ਝੰਡੇ ਲਗਾ ਕੇ ਤਰਪਾਲਾਂ ਪਾ ਦਿੱਤੀਆਂ ਗਈਆਂ

## ਦੇਸ਼ ਵਿਚ 10ਵੀ ਤੇ 12ਵੀ ਦਿਆਂ ਪ੍ਰੀਖਿਆਵਾਂ ਹੋਣਗੀਆਂ ਸਾਲ ਚ ਦੋ ਵਾਰ



ਚੰਡੀਗੜ੍ਹ (ਵਿਨੋਦ ਸ਼ਰਮਾ) ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀਬੀਐਸਈ) ਵੱਲੋਂ ਦਸਵੀਂ ਤੇ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ ਸਾਲ ਵਿਚ ਦੋ ਵਾਰ ਲਈ ਜਾਵੇਗੀ। ਇਸ ਲਈ ਕੇਂਦਰੀ ਵਿਭਾਗ ਵਲੋਂ ਦੇਸ਼ ਭਰ ਦੇ ਪ੍ਰਿੰਸੀਪਲਾਂ ਨਾਲ ਆਨਲਾਈਨ ਮੀਟਿੰਗ ਸੱਦੀ ਗਈ ਸੀ ਜਿਸ ਵਿਚ ਸਾਲ ਵਿਚ ਜਨਵਰੀ ਤੇ ਅਪਰੈਲ ਵਿਚ ਦੋ ਵਾਰ ਪ੍ਰੀਖਿਆ ਕਰਵਾਉਣ 'ਤੇ ਸਹਿਮਤੀ ਬਣ ਗਈ ਹੈ। ਇਸ ਯੋਜਨਾ ਸਾਲ 2026 ਵਿਚ ਲਾਗੂ ਹੋਵੇਗੀ ਜਿਸ ਲਈ ਪ੍ਰਿੰਸੀਪਲਾਂ ਵੱਲੋਂ ਲਿਖਤੀ ਸਹਿਮਤੀ ਦੇਣ ਲਈ ਕਿਹਾ ਗਿਆ ਹੈ। ਵਿਦਿਆਰਥੀਆਂ ਲਈ ਆਪਣੇ ਅੰਕਾਂ ਨੂੰ ਬਿਹਤਰ ਬਣਾਉਣ ਲਈ ਦੋਵੇਂ ਪ੍ਰੀਖਿਆਵਾਂ ਦੇਣ ਦਾ ਵਿਕਲਪ ਹੋਵੇਗਾ ਪਰ ਇਸ ਲਈ ਵੱਖਰਾ ਖਾਕਾ ਉਲੀਕਿਆ ਜਾਵੇਗਾ।

## ਜਲੰਧਰ ਜ਼ਿਲ੍ਹੇ ਚ ਹੋਇਆ ਗੁੰਡਾਗਰਦੀ ਦਾ ਨੰਗਾ ਨਾਚ



ਜਲੰਧਰ (ਹਰਬੰਸ ਬਿੱਟ) ਜਲੰਧਰ ਜ਼ਿਲ੍ਹੇ ਦੇ ਥਾਣਾ ਗੋਰਾਇਆ ਦੇ ਪਿਛਲੇ ਪਾਸੇ ਪਿੰਡ ਅੱਟਾ ਵਿੱਖੇ ਦੇਰ ਰਾਤ ਗੁੰਡਾਗਰਦੀ ਦਾ ਨੰਗਾ ਨਾਚ ਵੇਖਣ ਨੂੰ ਮਿਲਿਆ ਹੈ, ਜਿੱਥੇ ਕਾਂਗਰਸੀ ਆਗੂ ਦੇ ਘਰ 'ਤੇ ਹਮਲਾਵਰਾਂ ਨੇ ਤੇਜ਼ਧਾਰ ਹਥਿਆਰਾ ਨਾਲ ਹਮਲਾ ਕੀਤਾ ਗ੍ਰਿਫਤਾਰਅਤੇ 2 ਗੋਲ਼ੀਆਂ ਵੀ ਚਲਾਉਣ ਦੇ ਦੋਸ਼ ਲੱਗੇ ਹਨ। ਹਮਲਾਵਰਾਂ ਵੱਲੋਂ ਇਕ ਗੱਡੀ ਦੀ ਵੀ ਭੰਨਤੋੜ ਕੀਤੀ ਗਈ ਹੈ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ

## ਅੱਜ ਇਕ ਹੋਰ ਪੰਜਾਬ ਦਾ ਨੋਜਵਾਨ ਨਸ਼ੇ ਦੀ ਭੇਟ ਚੜ੍ਹਿਆ




ਤਰਨਤਾਰਨ (ਲੋਕ ਬਾਣੀ) ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਤੋਂ ਵੱਡੀ ਖਬਰ ਆ ਰਹੀ ਹੈ ਜਿਥੇ ਪਿੰਡ ਕੋਟ ਜਸਪੱਤ ਤੇਜਾ ਸਿੰਘ ਵਾਲਾ ਵਿਖੇ ਇਕ ਨੌਜਵਾਨ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਇਹ ਮਾਮਲਾ ਪੰਜਾਬ ਵਿੱਚ ਨਵਾਂ ਨਹੀਂ ਹੈ ਹਰ ਦਿਨ ਪੰਜਾਬ ਦੇ ਕਿਸੇ ਨਾ ਕਿਸੇ ਪਿੰਡ,ਕਸਬੇ, ਸ਼ਹਿਰ ਚ ਰੋਜ਼ਾਨਾ ਨੋਜਵਾਨ ਨਸ਼ੇ ਕਾਰਨ ਮਰ ਰਹੇ ਹਨ ਸਰਕਾਰ ਕੋਲ ਫੋਕੇ ਦਾਅਵੇ ਹਨ ਨਸ਼ਾ ਖਤਮ ਕਰਨ ਦਾ

## ਹਜ਼ਾਰਾਂ ਟੀਚਰਜ਼ ਫਰੰਟ ਦੇ ਮੈਂਬਰ ਮੁੱਖ ਮੰਤਰੀ ਦੇ ਨਵੇਂ ਘਰ ਪ੍ਰਦਰਸ਼ਨ ਕਰਨ ਪਹੁੰਚੇ



ਜਲੰਧਰ, (ਹਰਬੰਸ ਬਿੱਟੂ ) ਪੰਜਾਬ ਦੇ ਵੱਖ ਵੱਖ ਸ਼ਹਿਰਾਂ ਤੇ ਕਸਬਿਆਂ ਤੋਂ ਵੱਡੀ ਗਿਣਤੀ ਵਿਚ ਜਲੰਧਰ ਵਿਚ ਅੱਜ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਮੈਂਬਰ ਪਹੁਚੇ ਜਿਨ੍ਹਾਂ ਵਲੋਂ ਪ੍ਰਦਰਸ਼ਨ ਕੀਤਾ ਗਿਆ। ਅਧਿਆਪਕ ਲੰਬਿਤ ਮੰਗਾਂ ਨੂੰ ਲੈ ਕੇ ਸੀ.ਐਮ. ਦੀ ਰਿਹਾਇਸ਼ ਦੇ ਬਾਹਰ ਪੁੱਜੇ ਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ

## ਪੰਜਾਬ ਵਿੱਚ ਭਾਰੀ ਮੀਂਹ ਪੈਣ ਦਾ ਅਲਰਟ



ਚੰਡੀਗੜ੍ਹ ( ਵਿਨੋਦ ਸ਼ਰਮਾ)-ਪੰਜਾਬ ਚ ਮਾਨਸੂਨ ਨੇ ਦਸਤਕ ਦੇ ਦਿੱਤੀ ਹੈ। ਮੌਸਮ ਵਿਭਾਗ ਨੇ ਸੂਬੇ ਚ ਅਗਲੇ 3 ਦਿਨ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਹੈ। ਸੂਬੇ ਚ ਜੂਨ ਮਤਲਬ ਚ ਤੇ 2 ਜੁਲਾਈ ਤੱਕ ਤੂਫ਼ਾਨ ਨਾਲ ਭਾਰੀ ਮੀਂਹ ਪੈ ਸਕਦਾ ਹੈ। ਮੌਸਮ ਵਿਭਾਗ ਦੇ ਮੁਤਾਬਕ ਪਠਾਨਕੋਟ ਚ ਮਾਨਸੂਨ ਨੇ ਦਸਤਕ ਦੇ ਦਿੱਤੀ ਹੈ ਅਤੇ 1-2 ਦਿਨਾਂ ਚ ਮਾਨਸੂਨ ਬਾਕੀ ਜ਼ਿਲ੍ਹਿਆਂ ਚ ਵੀ ਪਹੁੰਚ ਜਾਵੇਗਾ। ਆਉਣ ਵਾਲੇ ਦਿਨਾਂ ਚ ਸੂਬੇ ਅੰਦਰ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ


ਕੈਨੇਡਾ
2155 ਵੀਜ਼ਾ
easyvisa | 8194 828282

www.lokbani.com
lokbani08@gmail.com

# ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਵਲੋਂ ਜ਼ਿਮਨੀ ਚੋਣਾਂ ਤੋਂ ਪਹਿਲਾਂ ਜਲੰਧਰ 'ਚ ਵਿਸ਼ਾਲ ਰੋਸ ਪ੍ਰਦਰਸ਼ਨ ਕਰਨ ਦਾ ਫੈਸਲਾ- ਮੈਡਮ ਬਰਿੰਦਰਜੀਤ ਕੌਰ ਛੀਨਾ



ਚੰਡੀਗੜ੍ਹ-( ਲੋਕ ਬਾਣੀ ) ਸਰਵ ਆਂਗਣਵਾੜੀ ਯੂਨੀਅਨ ਦੀ ਪੰਜਾਬ ਪ੍ਰਧਾਨ ਮੈਡਮ ਬਰਿੰਦਰਜੀਤ ਕੌਰ ਛੀਨਾ ਵਲੋਂ ਪ੍ਰੈੱਸ ਬਿਆਨ ਸਾਂਝਾ ਕਰਦੇ ਹੋਏ ਜਾਣਕਾਰੀ ਦਿੱਤੀ ਕਿ ਸਰਕਾਰ ਵਲੋਂ ਕਾਫ਼ੀ ਲੰਮੇ ਸਮੇਂ ਤੋਂ ਆਂਗਣਵਾੜੀ ਵਰਕਰਾਂ ਹੈਲਪਰਾਂ ਦੀਆਂ ਮੰਗਾਂ ਨੂੰ ਅੱਖੋ ਪਰੋਖੇ ਕੀਤਾ ਜਾ ਰਿਹਾ ਹੈ। ਜਿਸ ਕਾਰਨ ਸੂਬੇ ਭਰ ਦੀਆਂ ਆਂਗਣਵਾੜੀ ਵਰਕਰਾਂ-ਹੈਲਪਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਕਿ, ਇੰਨੀ ਮਹਿੰਗਾਈ ਵਿਚ ਉਹ ਨਿਗੂਣੇ ਜਿਹੇ ਮਾਣਭੱਤੇ ਤੇ ਕੰਮ ਕਰਨ ਲਈ ਮਜਬੂਰ ਹਨ। ਜਦਕਿ ਸਰਕਾਰ ਦੀ ਹਰ ਲੋਕ ਭਲਾਈ ਸਕੀਮਾਂ ਨੂੰ ਗਰਾਊਂਡ ਲੈਵਲ ਤੇ ਇਹਨਾ ਵਲੋ ਲੋਕਾਂ ਤਕ ਪਹੁੰਚਾਇਆ ਜਾਂਦਾ ਹੈ

ਸਰਕਾਰ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਅਪਣੇ ਏਜੰਡੇ ਵਿਚ ਮਾਣਭੱਤਾ ਦੁੱਗਣਾ ਕਰਨ ਦਾ ਵਾਅਧਾ ਕੀਤਾ ਸੀ ਜੋ ਕਿ ਢਾਈ ਸਾਲ ਬੀਤਣ ਤੋਂ ਬਾਅਦ ਵੀ ਆਂਗਣਵਾੜੀ ਵਰਕਰਾਂ ਹੈਲਪਰ ਦਾ ਮਾਣ ਭੱਤਾ ਦੁਗਣਾ ਕਰਨਾ ਤਾਂ ਦੂਰ ਦੀ ਗਲ ਇਹਨਾ ਵਰਕਰਾਂ ਹੈਲਪਰ ਦੀ ਕੋਈ ਸਾਰ ਤਕ ਨਹੀਂ ਲਈ ਗਈ। ਮੁੱਖ ਮੰਤਰੀ ਨਾਲ ਮੀਟਿੰਗ ਦਾ ਸਮਾਂ ਤਕ ਨਹੀਂ ਦਿੱਤਾ ਗਿਆ। ਇਸਦੇ ਨਾਲ ਹੀ ਯੂਨੀਅਨ ਮੰਗ ਕਰਦੀ ਹੈ ਕਿ ਸਰਕਾਰ ਜਲਦ ਤੋ ਜਲਦ ਮਾਣਭੱਤਾ ਦੁੱਗਣਾ ਕਰੇ, ਆਂਗਣਵਾੜੀ ਵਰਕਰ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜ਼ਾ ਦੇਵੇ 3 ਤੋਂ 6 ਸਾਲ ਦੇ ਬਚਿਆਂ ਨੂੰ ਆਂਗਣਵਾੜੀ ਕੇਂਦਰਾਂ ਵਿਚ ਮੁੜ ਵਾਪਸ ਕਰਨ, ਸੁਪਰਵਾਈਜ਼ਰ ਭਰਤੀ ਵਿਚ ਵਿੱਦਿਅਕ ਯੋਗਤਾ ਨੂੰ ਵਿਚਾਰਿਆ ਜਾਵੇ, 10 ਸਾਲਾਂ ਪਾਲਿਸੀ ਅਧੀਨ ਵਰਕਰ ਹੇਲਪਰ ਨੂੰ ਪਕੇ ਕੀਤਾ ਜਾਵੇ।ਸੇਵਾ ਮੁਕਤੀ ਸਮੇਂ ਦਿੱਤਾ ਜਾਣ ਵਾਲਾ ਐਕਸਗਰੇਸ਼ੀਆ ਵਿੱਚ ਵਾਧਾ ਕੀਤਾ ਜਾਵੇ,ਅਤੇ ਪੈਨਸ਼ਨ ਗਰਚਾਰਟੀ ਦਾ ਪਰਬੰਧ ਕੀਤਾ ਜਾਵੇ।

ਇਹਨਾਂ ਮੰਗਾਂ ਨੂੰ ਕੇ ਜਲੰਧਰ ਵਿੱਚ 6 ਜੁਲਾਈ ਨੂੰ ਵਿਸ਼ਾਲ ਰੋਸ ਮਾਰਚ ਦਾ ਐਲਾਨ ਕੀਤਾ ਗਿਆ ਹੈ ਅਤੇ ਸਰਕਾਰ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਜੇਕਰ ਮੰਗਾਂ ਤੇ ਵਿਚਾਰ ਨਾ ਕੀਤਾ ਗਿਆ ਅਤੇ ਮੁੱਖ ਮੰਤਰੀ ਨਾਲ ਮੀਟਿੰਗ ਦਾ ਸਮਾਂ ਨਾ ਤੈਅ ਕੀਤਾ ਗਿਆ ਤਾਂ ਮਜਬੂਰਨ ਪੰਜਾਬ ਭਰ ਵਿਚ ਸਰਵ ਆਂਗਣਵਾੜੀ ਮੁਲਾਜ਼ਮਾਂ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ ਕੀਤੇ ਜਾਣਗੇ, ਜਿਸ ਦੀ ਜਿੰਮੇਵਾਰ ਸਰਕਾਰ ਖੁਦ ਹੋਵੇਗੀ।

# ਪੰਜਾਬ ਚ ਸਕੂਲਾਂ ਦੀਆਂ ਛੁੱਟੀਆਂ ਬਾਰੇ ਪੜ੍ਹੋ ਖ਼ਬਰ



ਜਲੰਧਰ, ( ਲੋਕ ਬਾਣੀ )--ਪੰਜਾਬ ਵਿੱਚ ਇਸ ਵਾਰ ਗਰਮੀ ਦਾ ਕਹਿਰ ਸੀ ਤੇ ਪੰਜਾਬ ਸਰਕਾਰ ਨੇ ਇਸ ਸਾਲ ਪੰਜਾਬ ਵਿੱਚ ਅੱਤ ਦੀ ਗਰਮੀ ਕਾਰਨ ਆਮ ਨਾਲੋਂ ਪਹਿਲਾਂ ਸਕੂਲਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਦਾ ਐਲਾਨ ਕੀਤਾ ਸੀ। ਅਜੇ ਵੀ ਭਾਰਤ ਮੌਸਮ ਵਿਗਿਆਨ ਵਿਭਾਗ ਵੱਲੋਂ ਲਗਾਤਾਰ ਹੀਟਵੇਵ ਅਲਰਟ ਜਾਰੀ ਕੀਤੇ ਜਾ ਰਹੇ ਸਨ, ਇਸ ਲਈ ਵਿਦਿਆਰਥੀ ਤੇ ਮਾਪੇ ਛੁੱਟੀਆਂ 'ਚ ਵਾਧੇ ਜਾਂ ਫਿਰ ਸਕੂਲਾਂ ਦੇ ਸਮੇਂ ਵਿੱਚ ਤਬਦੀਲੀ ਦੀ ਉਮੀਦ ਕਰ ਰਹੇ ਸਨ ਪਰ ਹੁਣ ਅਗਲੇ ਦਿਨਾਂ ਵਿੱਚ ਬਾਰਸ਼ ਦਾ ਅਲਰਟ ਜਾਰੀ ਕੀਤਾ ਗਿਆ ਹੈ ਤੇ ਸਰਕਾਰ ਵਲੋਂ ਅਜੇ ਕੋਈ ਛੁੱਟੀਆਂ ਚ ਵਾਧੇ ਦੀ ਖ਼ਬਰ ਨਹੀਂ ਆਈ ਹੈ ਇਸ ਲਈ ਸੋਮਵਾਰ ਇਕ ਜੁਲਾਈ ਤੋਂ ਸਕੂਲ ਖੁੱਲਣ ਜਾ ਰਹੇ ਹਨ

# ਸਮੂਹ ਕਾਵੜ ਸੰਘ ਵੱਲੋਂ 24 ਘੰਟੇ ਦੀ ਜਲਧਾਰਾ ਬੁੱਧਵਾਰ ਨੂੰ

ਸਮੂਹ ਕਾਵੜ ਸੰਘ ਰਾਮਪੁਰਾ ਫੂਲ

ਰਾਮਪੁਰਾ ਫੂਲ 30 ਜੂਨ ( ਲੋਕ ਬਾਣੀ )

ਸਮੂਹ ਕਾਵੜ ਸੰਘ ਵੱਲੋਂ 3 ਜੁਲਾਈ ਦਿਨ ਬੁੱਧਵਾਰ ਨੂੰ ਤੇਰਸ ਦੇ ਸ਼ੁਭ ਮੌਕੇ ਤੇ ਸਥਾਨਕ ਮੇਲਾ ਰਾਮ ਧਰਮਸ਼ਾਲਾ ਵਿਖੇ 24 ਘੰਟੇ ਦੀ ਪਵਿੱਤਰ ਜਲਧਾਰਾ ਦਾ ਪ੍ਰੋਗਰਾਮ ਰੱਖਿਆ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਜਲਧਾਰਾ ਡਾਇਰੈਕਟਰ ਡੀ.ਕੇ. ਜੈਨ, ਅਰੁਣ ਗੋਇਲ, ਵਿਨੋਦ ਸ਼ਰਮਾ ਅਤੇ ਸੰਜੇ ਨੇ ਦੱਸਿਆ ਕਿ ਸਮੂਹ ਕਾਵੜ ਸੰਘ ਨਾਲ ਸਬੰਧਤ ਸਾਰੇ ਕਾਵੜ ਸੰਘਾ ਦੇ ਸ਼ਿਵ ਭਗਤ ਵਾਰੀ ਵਾਰੀ ਇਕ ਇਕ ਘੰਟੇ ਮੇਲਾ ਰਾਮ ਧਰਮਸ਼ਾਲਾ ਵਿੱਚ ਸਥਾਪਤ ਪਵਿੱਤਰ ਸ਼ਿਵਲਿੰਗ ਉਪਰ ਜਲਧਾਰਾ ਕਰਨਗੇ। ਉਨਾਂ ਦਸਿਆ ਕਿ ਸਮੂਹ ਕਾਵੜ ਸੰਘ ਵਲੋਂ ਸਮੇ-ਸਮੇ ਇਹ ਜਲਧਾਰਾ ਆਯੋਜਿਤ ਕੀਤੀ ਜਾਂਦੀ ਹੈ, ਜਿਸ ਵਿਚ ਵੱਡੀ ਗਿਣਤੀ ਵਿਚ ਸ਼ਿਵ ਭਗਤ ਭਗਵਾਨ ਸ਼ੰਕਰ ਜੀ ਨੂੰ ਜਲ ਅਰਪਿਤ ਕਰਦੇ ਹਨ ਅਤੇ ਭਗਵਾਨ ਸ਼ੰਕਰ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਦੇ ਹਨ।

# ਭਾਰਤ ਟੀ-20 ਵਿਸ਼ਵ ਕੱਪ ਜਿੱਤਿਆ, ਦੱਖਣੀ ਅਫਰੀਕਾ ਨੂੰ 7 ਦੌੜਾਂ ਨਾਲ ਹਰਾਇਆ

ਚੰਡੀਗੜ੍ਹ-( ਲੋਕ ਬਾਣੀ )ਅੱਜ "20 ਵਿਸ਼ਵ ਕੱਪ 2024 ਦਾ ਟਾਈਟਲ ਮੈਚ ਭਾਰਤ ਅਤੇ ਦੱਖਣੀ ਅਫਰੀਕਾ ਵਿਚਾਲੇ ਖੇਡਿਆ ਗਿਆ। ਭਾਰਤ ਨੇ ਅਜਿੱਤ ਰਹਿੰਦੇ ਹੋਏ ਚੈਂਪੀਅਨਸ਼ਿਪ ਜਿੱਤ ਲਈ। ਭਾਰਤ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ ਅਤੇ 20 ਓਵਰਾਂ ਵਿੱਚ ਸੱਤ ਵਿਕਟਾਂ 'ਤੇ 176 ਦੌੜਾਂ ਬਣਾਈਆਂ। ਜਵਾਬ 'ਚ ਦੱਖਣੀ ਅਫਰੀਕਾ ਦੀ ਟੀਮ 169 ਦੌੜਾਂ ਹੀ ਬਣਾ ਸਕੀ।

ਦੱਸ ਦਈਏ ਕਿ, ਭਾਰਤ ਨੇ ਦੂਜੀ ਵਾਰ ਟੀ-20 ਵਿਸ਼ਵ ਕੱਪ ਦਾ ਖਿਤਾਬ ਜਿੱਤਿਆ ਹੈ। ਬਾਰਬਾਡੋਸ 'ਚ ਖੇਡੇ ਗਏ ਫਾਈਨਲ 'ਚ ਟੀਮ ਇੰਡੀਆ ਨੇ ਦੱਖਣੀ ਅਫਰੀਕਾ ਨੂੰ ਰੋਮਾਂਚਕ ਮੈਚ 'ਚ 7 ਦੌੜਾਂ ਨਾਲ ਹਰਾਇਆ।




ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਭਾਰਤ ਨੇ 20 ਓਵਰਾਂ ਵਿੱਚ ਸੱਤ ਵਿਕਟਾਂ ਗੁਆ ਕੇ 176 ਦੌੜਾਂ ਬਣਾਈਆਂ। ਜਵਾਬ 'ਚ ਦੱਖਣੀ ਅਫਰੀਕਾ ਦੀ ਟੀਮ 20 ਓਵਰਾਂ 'ਚ ਅੱਠ ਵਿਕਟਾਂ 'ਤੇ 169 ਦੌੜਾਂ ਹੀ ਬਣਾ ਸਕੀ।

ਇਸ ਜਿੱਤ ਨਾਲ ਭਾਰਤ ਦਾ 11 ਸਾਲ ਦਾ ਆਈਸੀਸੀ ਟਰਾਫੀ ਦਾ ਸੋਕਾ ਖਤਮ ਹੋ ਗਿਆ। ਭਾਰਤ ਨੇ ਇਸ ਤੋਂ ਪਹਿਲਾਂ 2013 'ਚ ਚੈਂਪੀਅਨਸ ਟਰਾਫੀ ਜਿੱਤੀ ਸੀ।

ਇਸ ਦੇ ਨਾਲ ਹੀ ਭਾਰਤ ਨੇ 17 ਸਾਲ ਬਾਅਦ ਟੀ-20 ਵਿਸ਼ਵ ਕੱਪ ਜਿੱਤਿਆ ਹੈ। ਭਾਰਤ 13 ਸਾਲ ਬਾਅਦ ਕੋਈ ਵੀ ਵਿਸ਼ਵ ਕੱਪ ਨਹੀਂ ਜਿੱਤ ਸਕਿਆ। ਭਾਰਤ ਨੇ 2011 ਵਿੱਚ ਇੱਕ ਰੋਜ਼ਾ ਵਿਸ਼ਵ ਕੱਪ ਜਿੱਤਿਆ ਸੀ ਅਤੇ ਹੁਣ 2024 ਵਿੱਚ ਭਾਰਤ ਨੇ ਦੱਖਣੀ ਅਫਰੀਕਾ ਨੂੰ ਹਰਾ ਕੇ ਇਤਿਹਾਸ ਰਚ ਦਿੱਤਾ ਹੈ।

# ਅੰਤਰ ਰਾਸ਼ਟਰੀ ਕਾਨਫਰੰਸ ਸੀਟਾਸ-2024' ਲਈ ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਤਿਆਰੀਆਂ ਮੁਕੰਮਲ - ਗੁਰਲਾਭ ਸਿੰਘ ਸਿੱਧੂ

ਤਲਵੰਡੀ ਸਾਬੋ - ( ਲੋਕ ਬਾਣੀ )ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਜੋ ਕਣਕ ਅਤੇ ਚਾਵਲ ਦੇ ਕੇਂਦਰੀ ਅਨਾਜ ਭੰਡਾਰ ਵਿੱਚ ਸਭ ਤੋਂ ਵੱਧ ਯੋਗਦਾਨ ਪਾਉਂਦਾ ਹੈ ਪਰ ਖੇਤੀ ਖਰਚੇ ਵੱਧਣ ਕਾਰਨ ਕਿਸਾਨਾਂ ਅਨੁਸਾਰ ਖੇਤੀ ਹੁਣ ਲਾਹੇਵੰਦ ਧੰਦਾ ਨਹੀਂ ਰਿਹਾ। ਖੇਤੀ ਮਾਹਿਰਾਂ ਅਨੁਸਾਰ ਜੇਕਰ ਕਿਸਾਨ ਆਧੁਨਿਕ ਤਕਨੀਕ ਅਤੇ ਬਦਲਵੇਂ ਫਸਲੀ ਚੱਕਰ ਅਨੁਸਾਰ ਖੇਤੀ ਕਰਨ ਤਾਂ ਖੇਤੀ ਲਾਹੇਵੰਦ ਅਤੇ ਸੱਭ ਤੋਂ ਵੱਧ ਰੁਜ਼ਗਾਰ ਪੈਦਾ ਕਰਨ ਵਾਲਾ ਧੰਦਾ ਬਣ ਸਕਦੀ ਹੈ। ਇਸ ਤਰ੍ਹਾਂ ਦੇ ਵਿਸ਼ਿਆਂ ਤੇ ਵਿਚਾਰ ਚਰਚਾ ਕਰਨ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ 29 ਅਗਸਤ ਤੋਂ 31 ਅਗਸਤ 2024 ਨੂੰ ਅੰਤਰ-ਰਾਸ਼ਟਰੀ ਕਾਨਫਰੰਸ ਸੀਟਾਸ-2024' ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਚਾਂਸਲਰ ਸ. ਗੁਰਲਾਭ ਸਿੰਘ ਸਿੱਧੂ ਨੇ ਦੱਸਿਆ ਕਿ ਨੌਜਵਾਨ ਪੀੜ੍ਹੀ ਨੂੰ ਖੇਤੀ ਨਾਲ ਜੁੜੇ ਰਹਿਣ ਅਤੇ ਰੁਜ਼ਗਾਰ ਲਈ ਵਿਦੇਸ਼ਾਂ ਵਿੱਚ ਹੋ ਰਹੇ ਪ੍ਰਵਾਸ ਨੂੰ ਰੋਕਣ ਲਈ ਜੀ.ਕੇ.ਯੂ ਵੱਲੋਂ ਯਤਨ ਜਾਰੀ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਯਤਨਾਂ ਦੀ ਲੜੀ ਤਹਿਤ ਅੰਤਰ-ਰਾਸ਼ਟਰੀ ਕਾਨਫਰੰਸ ਦੇ ਸ਼ਾਨਦਾਰ ਅਤੇ ਵੱਡੇ ਪੱਧਰ 'ਤੇ ਆਯੋਜਨ ਲਈ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਕਾਨਫਰੰਸ ਵਿੱਚ ਸਕੱਤਰ ਖੇਤੀਬਾੜੀ ਖੋਜ ਅਤੇ ਸਿੱਖਿਆ ਵਿਭਾਗ, ਮਹਾਂ ਨਿਰਦੇਸ਼ਕ, ਆਈ. ਸੀ.ਏ.ਆਰ ਡਾ. ਹਿਮਾਂਸ਼ੂ ਪਾਠਕ, ਬਤੌਰ ਮੁੱਖ ਮਹਿਮਾਨ, ਡਿਪਟੀ ਡਾਇਰੈਕਟਰ ਖੇਤੀਬਾੜੀ ਸਿੱਖਿਆ, ਆਈ.ਸੀ.ਏ. ਆਰ. ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰਾਲਾ ਭਾਰਤ ਸਰਕਾਰ ਡਾ. ਆਰ. ਸੀ. ਅਗਰਵਾਲ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਕਾਨਫਰੰਸ ਵਿੱਚ ਕੈਨੇਡਾ ਤੋਂ ਨਾਮਵਰ ਖੇਤੀ ਵਿਗਿਆਨੀ ਡਾ. ਓਮ ਪ੍ਰਕਾਸ਼ ਡਾਂਗੀ, ਜਿਨ੍ਹਾਂ ਨੇ ਸਰਦੀਆਂ ਵਿੱਚ ਪੈਦਾ ਹੋਣ ਵਾਲੇ ਮੋਟੇ ਅਨਾਜ ਦੀ ਖੋਜ ਕੀਤੀ ਅਤੇ ਆਧੁਨਿਕ ਖੇਤੀ ਦੇ ਮਾਹਿਰ ਡਾ. ਓ.ਪੀ.ਧਨਖੜ, ਅਮਰੀਕਾ, ਦਾ ਵਿਸ਼ੇਸ਼ ਲੈਕਚਰ ਹੋਵੇਗਾ। ਇਸ ਤੋਂ ਇਲਾਵਾ ਪ੍ਰਤੀ ਏਕੜ ਵੱਧ ਝਾੜ ਲੈਣ ਅਤੇ ਵਾਤਾਵਰਣ ਪੱਖੀ ਖੇਤੀ ਅਤੇ ਲੋਕਾਂ ਦੀਆਂ ਜ਼ਰੂਰਤਾਂ ਅਨੁਸਾਰ ਫਸਲਾਂ ਪੈਦਾ ਕਰਨ ਆਦਿ ਵਿਸ਼ਿਆਂ 'ਤੇ ਵਿਚਾਰ ਚਰਚਾ ਹੋਵੇਗੀ ਅਤੇ ਵਿਸ਼ਵ ਦੇ ਲਗਭਗ 500 ਤੋਂ ਵੱਧ ਖੇਤੀ ਮਾਹਿਰਾਂ ਦੇ ਖੋਜ ਪੱਤਰ ਪੜ੍ਹੇ ਜਾਣਗੇ। ਇਸ ਮੌਕੇ ਡਾ. ਵਰਿੰਦਰ ਸਿੰਘ ਪਾਹਿਲ, ਐਡਵਾਈਜ਼ਰ




ਟੂ ਚਾਂਸਲਰ ਨੇ ਦੱਸਿਆ ਕਿ ਆਈ.ਸੀ.ਏ. ਆਰ ਵੱਲੋਂ ਪ੍ਰਾਯੋਜਿਤ, ਜਸਟ ਐਜੂਕੇਸ਼ਨ ਗਰੁੱਪ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਤੇ ਬਾਗਬਾਨੀ ਵਿਭਾਗ, ਪੰਜਾਬ ਦੇ ਸਹਿਯੋਗ ਨਾਲ ਆਯੋਜਿਤ ਕਾਨਫਰੰਸ ਵਿੱਚ ਖੇਤੀ ਦੇ ਵੱਖ-ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੇ ਮਾਹਿਰਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਖੇਤੀ ਮਾਹਿਰਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਨੂੰ ਕਾਨਫਰੰਸ ਦਾ ਵੱਧ ਤੋਂ ਵੱਧ ਲਾਹਾ ਲੈਣ ਦਾ ਸੱਦਾ ਦਿੱਤਾ।

# ਸਿੰਘ ਸਪੋਰਟਸ ਕਲੱਬ ਪਿੰਡ ਸ਼ੰਕਰ ਵੱਲੋਂ ਪਿੰਡ ਚ ਫ਼ਲਦਾਰ ਪੌਦੇ ਲਗਾਏ



ਡੇਹਲੋਂ ( ਲੋਕ ਬਾਣੀ )--ਸਿੰਘ ਸਪੋਰਟਸ ਕਲੱਬ ਸ਼ੰਕਰ ਦੁਆਰਾ ਅੱਜ ਪਿੰਡ ਸ਼ੰਕਰ ਦੇ ਵਿੱਚ ਫਲਦਾਰ ਪੌਦੇ ਲਗਾਏ ਗਏ। ਇਸ ਮੌਕੇ ਕਲੱਬ ਦੇ ਪ੍ਰਧਾਨ ਮਨਦੀਪ ਸਿੰਘ ਜਵੰਦਾ, ਖ਼ਜ਼ਾਨਚੀ ਰੁਪਿੰਦਰਜੀਤ ਸਿੰਘ, ਸਲਾਹਕਾਰ ਅੰਮ੍ਰਿਤਪਾਲ ਸਿੰਘ, ਅਮਨ ਸਿੰਘ ਅਤੇ ਕਲੱਬ ਦੇ ਸਾਰੇ ਮੈਂਬਰਾਂ ਨੇ ਸਹਿਯੋਗ ਦਿੱਤਾ। ਉਨ੍ਹਾਂ ਕਿਹਾ ਕਿ ਪੌਦੇ ਸਾਨੂੰ ਗਰਮੀ ਤੋਂ ਬਚਾਉਂਦੇ ਹਨ। ਇਸ ਲਈ ਸਾਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ। ਸਾਡੇ ਵਾਤਾਵਰਣ ਨੂੰ ਸ਼ੁੱਧ ਰੱਖਦੇ ਹਨ। ਜੇਕਰ ਅਸੀਂ ਚਾਹੁੰਦੇ ਹਾਂ ਕਿ ਆਉਣ ਵਾਲੇ ਸਮੇਂ ਚ ਤਾਪਮਾਨ ਘੱਟ ਰਹੇ ਤਾਂ ਸਾਨੂੰ ਮਿਲ ਕੇ ਪੌਦੇ ਲਗਾਉਣੇ ਪੈਣਗੇ ਤੇ ਉਨ੍ਹਾਂ ਦੀ ਰੁੱਖ ਬਨਣ ਤੱਕ ਸੰਭਾਲ ਕਰਨੀ ਹੋਵੇਗੀ। ਇਸ ਦੌਰਾਨ ਕਲੱਬ ਮੈਂਬਰਾਂ ਦੱਸਿਆ ਕਿ ਖੇਤੀਬਾੜੀ ਅਫ਼ਸਰ ਡਾ ਨਿਰਮਲ ਸਿੰਘ ਦੇ ਸਹਿਯੋਗ ਨਾਲ 200 ਦੇ ਕਰੀਬ ਬੂਟੇ ਲਗਾਏ ਗਏ ਅਤੇ ਇਹ ਸੇਵਾ ਇਸੇ ਤਰ੍ਹਾਂ ਨਿਰੰਤਰ ਜਾਰੀ ਰਹੇਗੀ। ਇਸ ਮੌਕੇ ਕਲੱਬ ਮੈਂਬਰ ਨਾਇਬ ਸਿੰਘ, ਪਰਮਜੀਤ ਸਿੰਘ, ਰਾਣਾ, ਗੁਰੀ, ਜਿਉਣਾ, ਨਵਜੋਤ ਸਿੰਘ, ਬਿੱਲੂ, ਨੀਲੂ, ਨਿੱਕਾ ਨੰਬਰਦਾਰ, ਜਗਜੀਤ ਸਿੰਘ ਆਦਿ ਹਾਜ਼ਰ ਸਨ।

# ਵਾਰੀ ਵਾਰੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਬਦਨਾਮ ਨਾ ਕੀਤਾ ਜਾਵੇ - ਗੁਰਮੇਲ ਸਿੰਘ ਘਈ



ਤਲਵੰਡੀ ਸਾਬ( ਲੋਕ ਬਾਣੀ )-ਹਲਕਾ ਤਲਵੰਡੀ ਸਾਬੋ ਦੀ ਅਹਿਮ ਮੀਟਿੰਗ ਹਲਕਾ ਇੰਚਾਰਜ ਰਵੀਪਰੀਤ ਸਿੰਘ ਸਿੱਧੂ ਦੇ ਗ੍ਰਹਿ ਵਿਖੇ ਹੋਈ ਜਿਸ ਵਿਚ ਹਾਜਰ ਸਰਕਲਾਂ ਦੇ ਪ੍ਰਧਾਨ, ਹਰਭਗਤ ਸਿੰਘ ਗਿਆਨਾ, ਬਿਦਰ ਸਿੰਘ ਪੱਕਾ ਕਲਾਂ, ਗੁਰਤੇਜ ਸਿੰਘ ਨਸੀਬਪੁਰਾ, ਬਲਵੰਤ ਸਿੰਘ ਨਥੇਹਾ, ਜਸਵਿੰਦਰ ਸਿੰਘ ਜੈਲਦਾਰ ਜਗਾ, ਹਰਮੋਹਿੰਦਰ ਸਿੰਘ ਤਲਵੰਡੀ ਸਾਬੋ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਮੌਜੂਦ ਸਨ। ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗਲਬਾਤ ਕਰਦਿਆਂ ਸੀਨੀਅਰ ਅਕਾਲੀ ਆਗੂ ਡਾ. ਗੁਰਮੇਲ ਸਿੰਘ ਘਈ ਨੇ ਕਿਹਾ ਕਿ ਮੀਡੀਆ ਵਿੱਚ ਵਾਰੀ ਵਾਰੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਬਦਨਾਮ ਨਾ ਕੀਤਾ ਜਾਵੇ ਕਿਉਂਕਿ ਸਾਰਾ ਹਲਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਹੱਕ ਵਿੱਚ ਖੜਾ ਹੈ। ਉਹਨਾਂ ਕਿਹਾ ਕਿ ਪੂਰੇ ਸੂਬੇ ਵਿਚ ਵੱਡੀ ਗਿਣਤੀ ਵਿਚ ਵਰਕਰ ਵੀ ਨਾਲ ਹਨ ਕਿਉਂਕਿ ਸਾਰੇ ਜ਼ਿਲ੍ਹਿਆਂ ਦੇ ਪ੍ਰਧਾਨ ਤੋਂ ਇਲਾਵਾ ਬੀਤੇ ਦਿਨੀਂ 117, ਹਲਕਾ ਇੰਚਾਰਜਾਂ ਵਿੱਚੋਂ 112 ਨੇ ਅਕਾਲੀ ਦਲ ਦੇ ਦਫਤਰ ਚੰਡੀਗੜ੍ਹ ਵਿੱਚ ਹਾਜ਼ਰ ਹੋਏ ਅਤੇ ਯੂਥ ਅਕਾਲੀ ਦਲ ਦੇ ਵਰਕਰਾਂ ਨੇ ਵੀ ਇਕਮੁਠਤਾ ਦਿਖਾਈ। ਉਹਨਾਂ ਕਿਹਾ ਕਿ ਸੱਤਾ ਵੇਲੇ ਜਿਹਨਾਂ ਨੇ ਵੱਧ ਅਨੰਦ ਮਾਣਿਆ ਉਹੀ ਹੁਣ ਮੋਦੀ ਅਕਾਲੀ ਦਲ ਬਣਾਉਣ ਨੂੰ ਵੱਧ ਉਤਾਵਲੇ ਹੋਏ ਬੈਠੇ ਹਨ। ਹੁਣ ਇਹਨਾਂ ਲਈ ਦਿੱਲੀ ਦੂਰ ਹੋ ਗਈ। ਇਹਨਾਂ ਬਾਰੇ ਸਭ ਵਰਕਰ ਅਤੇ ਆਮ ਪਬਲਿਕ ਜਾਣੂ ਹੈ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ, ਕੌਂਸਲਰ ਰਣਜੀਤ ਸਿੰਘ ਮਲਕਾਣਾ ਪੀ ਏ, ਜਲੌਰ ਸਿੰਘ, ਹਰਤਾਬਲ ਸਿੰਘ ਸੁੱਖੀ ਪੀ ਏ, ਠਾਣਾ ਸਿੰਘ ਚੱਠਾ, ਤੇਜਾ ਸਿੰਘ ਮਲਕਾਣਾ, ਪ੍ਰੇਮ ਕੁਮਾਰ ਮਿੱਤਲ, ਜਸਵੀਰ ਸਿੰਘ ਸਾਬਕਾ ਸਰਪੰਚ ਆਦਿ ਆਗੂ ਹਾਜਰ ਸਨ।

# ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੀ ਬਰਸੀ ਮੌਕੇ ਇੱਕ ਰੋਜ਼ਾ ਵਿਸ਼ੇਸ਼ ਸੈਮੀਨਾਰ ਦਾ ਆਯੋਜਨ

ਪਟਿਆਲਾ ( ਲੋਕ ਬਾਣੀ )-ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪਟਿਆਲਾ ਡਾ. ਦਿਲਵਰ ਸਿੰਘ ਨੇ ਦੱਸਿਆ ਕਿ ਅੱਜ ਸਹਾਇਕ ਡਾਕਟਰ ਯੁਵਕ ਸੇਵਾਵਾਂ ਪਟਿਆਲਾ, ਸਰਕਾਰੀ ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ ਅਤੇ ਪੁਰਾਤਨ ਸਾਹਿਤ ਸੰਭਾਲ ਸਭਾ ਪਟਿਆਲਾ ਦੇ ਸਾਂਝੇ ਸਹਿਯੋਗ ਨਾਲ ਇਕ ਰੋਜ਼ਾ ਵਿਸ਼ੇਸ਼ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਵਿੱਚ ਡਾ. ਸੁਖਦਿਆਲ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲੇ ਵਾਲਿਆਂ ਨੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਬੰਧ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਤੇ ਵੈਸਾਖ ਨਹੀਂ ਕਤਕ ਅਤੇ ਭਾਈ ਬਾਲਾ ਜੀ ਦੇ ਜੀਵਨ ਦੇ ਸਬੰਧ ਵਿੱਚ ਵੀ ਵਿਚਾਰਾਂ ਕੀਤੀਆਂ ਗਈਆਂ। ਉਹਨਾਂ ਨੇ ਭਾਈ ਬਾਲਾ ਜੀ ਵਾਲੀ ਜਨਮ ਸਾਖੀ ਦੀ ਪ੍ਰੋੜਤਾ ਕਰਦਿਆਂ ਆਖਿਆ ਕਿ ਸਾਨੂੰ ਭਾਈ ਬਾਲਾ ਜੀ ਦੀ ਜਨਮ ਸਾਖੀ ਵਿੱਚ ਦਰਜ ਕਤਕ ਦੀ ਪੂਰਨਮਾਸ਼ੀ ਅਨੁਸਾਰ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣਾ ਚਾਹੀਦਾ ਹੈ। ਇਸ ਮੌਕੇ ਗਿਆਨੀ ਗੁਰਜੰਟ ਸਿੰਘ ਜੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਆਖਿਆ ਕਿ ਨਿੰਦਕਾਂ ਵੱਲੋਂ ਜੋ



ਭਰਾਂਤੀਆਂ ਸਿੱਖ ਇਤਿਹਾਸ ਨੂੰ ਵਿਗਾੜਨ ਹਿਤ ਫੈਲਾਈਆਂ ਜਾ ਰਹੀਆਂ ਹਨ ਉਹਨਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਇਸ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸੰਤ ਮਨਮੋਹਣ ਸਿੰਘ ਜੀ ਬਾਰਨ ਵਾਲਿਆਂ ਨੇ ਦੱਸਿਆ ਕੀ ਅਜਿਹੇ ਸਾਰਥਕ ਵਿਸ਼ਿਆਂ ਉੱਤੇ ਵਿਦਵਾਨਾਂ ਨੂੰ ਆਪਣੇ ਵਡਮੁੱਲੇ ਵਿਚਾਰ ਸਾਂਝੇ ਕਰਨ ਦੇ ਮੌਕੇ ਪ੍ਰਦਾਨ ਕਰਦੇ ਰਹਿਣਾ ਚਾਹੀਦਾ ਹੈ। ਸੰਤ ਬਾਬਾ ਹਰਚਰਨ ਸਿੰਘ ਜੀ ਨਾਨਕਸਰ ਕੁਟੀਆ ਪਟਿਆਲਾ ਵਾਲਿਆਂ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਗਿਆਨੀ ਗੁਰਜੰਟ ਸਿੰਘ ਜੀ ਵੱਲੋਂ ਕੀਤੇ ਇਸ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ ਕੀਤੀ ਅਤੇ ਭਵਿੱਖ ਵਿੱਚ ਵੀ ਅਜਿਹੇ ਸੈਮੀਨਾਰਾਂ ਦਾ ਆਯੋਜਨ ਕਰਨ ਹਿਤ ਉਹਨਾਂ ਦਾ ਸਹਿਯੋਗ ਕਰਨ ਲਈ ਆਖਿਆ। ਅੰਤ ਵਿੱਚ ਡਾ. ਸੁਖਦਿਆਲ ਸਿੰਘ ਜੀ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਬਾਬਾ ਰਛਪਾਲ ਸਿੰਘ ਜੀ ਟਕਸਾਲ ਮਰਦਾਂਪੁਰ, ਬਾਬਾ ਦਰਸ਼ਨ ਸਿੰਘ ਜੀ ਟੌਹੜਾ, ਬਾਬਾ ਸਰਬਜੋਤ ਸਿੰਘ ਜੀ ਨਿਰਮਲੇ,ਮਹੰਤ ਰਾਮਦਾਸ ਜੀ ਥਾਪਰ ਕਾਲਜ ਪਟਿਆਲਾ, ਬਾਬਾ ਖੁਸ਼ਬੀਰ ਸਿੰਘ ਜੀ ਨਿਰਮਲੇ,ਡਾ. ਭੁਪਿੰਦਰ ਪਾਲ ਸਿੰਘ ਜੀ ਪਟਿਆਲਾ, ਡਾ. ਮਨਿੰਦਰ ਸਿੰਘ ਪਟਿਆਲਾ, ਡਾ. ਪ੍ਰੀਤੀ ਭਾਟੀਆ ਸਰਕਾਰੀ ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ, ਸ੍ਰ .ਅਮਰਜੀਤ ਸਿੰਘ, ਸ੍ਰ. ਕਰਨਵੀਰ ਸਿੰਘ ਆਦਿ ਸ਼ਖਸ਼ੀਅਤਾਂ ਹਾਜ਼ਰ ਸਨ।

# ਖ਼ੂਨਦਾਨ ਦੇ ਖੇਤਰ ਚ ਅਹਿਮ ਯੋਗਦਾਨ ਪਾਉਣ ਵਾਲਾ ਵਿਗਿਆਨਕ ਅਤੇ ਵੈਲ.ਫੇਅਰ ਕਲੱਬ ਅਮਰਗੜ੍ਹ ਸਨਮਾਨਿਤ




ਮਲੇਰਕੋਟਲਾ ( ਲੋਕ ਬਾਣੀ ) ਸਰਕਾਰੀ ਹਸਪਤਾਲ ਮਲੇਰਕੋਟਲਾ ਵਿਖੇ ਬਲੱਡ ਬੈਂਕ ਇੰਚਾਰਜ ਡਾ.ਹਰਪ੍ਰੀਤ ਦੀ ਅਗਵਾਈ ਵਿੱਚ ਵਿਸ਼ਵ ਖ਼ੂਨਦਾਨ ਦਿਵਸ ਮਨਾਇਆ ਗਿਆ, ਜਿਸ ਵਿੱਚ ' ਜਿਉਂਦੇ ਜੀਅ ਖ਼ੂਨਦਾਨ ਮਰਨ ਉਪਰੰਤ ਅੱਖਾਂ ਦਾਨ ' ਦੇ ਬੈਨਰ ਹੇਠ ਪਿਛਲੇ 16 ਸਾਲਾਂ ਤੋਂ ਵੱਧ ਚੜ੍ਹ ਕੇ ਸੇਵਾਵਾਂ ਪ੍ਰਦਾਨ ਕਰਨ ਵਾਲੀ ਸੰਸਥਾ ਵਿਗਿਆਨਕ ਅਤੇ ਵੈਲ.ਫੇਅਰ ਕਲੱਬ ਰਜਿ ਅਮਰਗੜ੍ਹ ਨੂੰ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਵਜੋਂ ਪੁੱਜੇ ਡਾ.ਜਗਜੀਤ ਸਿੰਘ ਸੀਨੀਅਰ ਮੈਡੀਕਲ ਅਫ਼ਸਰ ਮਲੇਰਕੋਟਲਾ ਨੇ ਕਿਹਾ ਕਿ ਹੁਣ ਤੱਕ ਖ਼ੂਨ ਦਾ ਕੋਈ ਬਦਲ ਤਿਆਰ ਨਹੀਂ ਹੋ ਸਕਿਆ ਲੋੜ ਪੈਣ ਤੇ ਇੱਕ ਵਿਅਕਤੀ ਹੀ ਦੂਸਰੇ ਵਿਅਕਤੀ ਨੂੰ ਆਪਣਾਂ ਖ਼ੂਨ ਦਾਨ ਦੇ ਕੇ ਜੀਵਨ ਦਾਨ ਦਿੰਦਾ ਹੈ,ਇਸ ਲਈ ਖ਼ੂਨਦਾਨੀ ਹੀ ਸਾਡੇ ਸਮਾਜ ਦੇ ਅਸਲੀ ਹੀਰੋ ਹਨ। ਸਨਮਾਨ ਪ੍ਰਾਪਤ ਕਰਨ ਉਪਰੰਤ ਕਲੱਬ ਪ੍ਰਧਾਨ ਡਾ.ਪਵਿੱਤਰ ਸਿੰਘ, ਖ਼ਜ਼ਾਨਚੀ ਮਨਜੀਤ ਸਿੰਘ, ਪ੍ਰੈਸ ਸਕੱਤਰ ਰਣਵੀਰ ਸਿੰਘ ਰਾਣਾ ਅਤੇ ਸਹਿ. ਜਨਰਲ ਸਕੱਤਰ ਹਰਪ੍ਰੀਤ ਸਿੰਘ ਵੱਲੋਂ ਬਲੱਡ ਬੈਂਕ ਦੇ ਸਮੁੱਚੇ ਸਟਾਫ਼ ਅਤੇ ਡਾਕਟਰ ਸਾਹਿਬਾਨ ਦਾ ਧੰਨਵਾਦ ਕਰਦਿਆਂ ਨੌਜਵਾਨਾਂ ਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਦੀ ਅਪੀਲ ਕੀਤੀ। ਇਸ ਮੌਕੇ ਜ਼ਿਲ੍ਹੇ ਦੀਆਂ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਦਾ ਵੀ ਸਨਮਾਨ ਚਿੰਨ੍ਹ ਅਤੇ ਸਜਾਵਟੀ ਬੂਟਿਆਂ ਨਾਲ ਸਨਮਾਨ ਕੀਤਾ ਗਿਆ।

# ਮਾਸ ਮੀਡੀਆ ਟੀਮ ਨੇ ਝੁੱਗੀਆਂ ਵਿੱਚ ਜੇ ਕੇ ਲੋਕਾਂ ਨੂੰ ਟੀਕਾਕਰਣ ਲਈ ਕੀਤਾ ਜਾਗਰੂਕ



ਸੰਦੌੜ 29 ਮਈ (ਰੀਸੈਂਟ ਟਾਈਮਜ਼ ) ਸਿਵਲ ਸਰਜਨ ਮਾਲੇਰਕੋਟਲਾ ਡਾ.ਪਰਦੀਪ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਜਿਲ੍ਹਾ ਟੀਕਾਕਰਨ ਅਫ਼ਸਰ ਡਾ. ਰਾਜੀਵ ਬੈਂਸ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜੀ . ਐਸ. ਭਿੰਡਰ ਦੀ ਅਗਵਾਈ ਹੇਠ ਸਿਹਤ ਕੇਂਦਰ ਮੁਢਲਾ ਸਿਹਤ ਕੇਂਦਰ ਪੰਜਗਰਾਈਆਂ ਵਿਖੇ ਬਲਾਕ ਮਾਸ ਮੀਡੀਆ ਟੀਮ ਵੱਲੋਂ ਝੁੱਗੀਆਂ ਵਿੱਚ ਜਾ ਕੇ ਲੋਕਾਂ ਨੂੰ ਬੱਚਿਆਂ ਦੇ ਟੀਕਾਕਰਣ ਕਰਾਉਣ ਦੇ ਲਈ ਜਾਗਰੂਕ ਕੀਤਾ ਗਿਆ,ਇਸ ਮੌਕੇ ਜਾਣਕਾਰੀ ਦਿੰਦੇ ਹੋਏ ਬਲਾਕ ਮੀਡੀਆ ਕੋਆਰਡੀਨੇਟਰ ਰਾਜੇਸ਼ ਰਿਖੀ ਅਤੇ ਹਰਪ੍ਰੀਤ ਕੌਰ ਬੀ. ਈ. ਈ ਨੇ ਦੱਸਿਆ ਕਿ ਅੱਜ ਬੱਚਿਆਂ ਅਤੇ ਗਰਭਵਤੀ ਔਰਤਾਂ ਦੇ ਟੀਕਾਕਰਣ ਬਹੁਤ ਜਰੂਰੀ ਹੁੰਦਾ ਹੈ ਜਿਸ ਲਈ ਸਿਹਤ ਵਿਭਾਗ ਵੱਲੋਂ ਹਰ ਬੁੱਧਵਾਰ ਕੈਂਪ ਲਗਾਏ ਜਾਂਦੇ ਹਨ ਪਰ ਜਿਆਦਾਤਰ ਮਾਈਗ੍ਰੇਟਰੀ ਅਬਾਦੀ ਵੱਲੋਂ ਅਗਿਆਨਤਾ ਕਾਰਨ ਟੀਕਾਕਰਣ ਨੂੰ ਅਣਦੇਖਿਆ ਕੀਤਾ ਜਾਂਦਾ ਹੈ ਜਿਸ ਲਈ ਮਾਸ ਮੀਡੀਆ ਟੀਮ ਵੱਲੋਂ ਅਜਿਹੇ ਬੱਚਿਆਂ ਦਾ ਸੰਪੂਰਨ ਟੀਕਾਕਰਣ ਕਰਾਉਣ ਦੇ ਜਵਾਗਰੂਕਤਾ ਸਮੇਂ ਸਮੇਂ ਸਿਰ ਅਭਿਆਨ ਕੀਤਾ ਜਾਂਦਾ ਹੈ, ਇਸੇ ਕਰਕੇ ਅੱਜ ਪੰਜਗਰਾਈਆਂ ਵਿਖੇ ਗੱਡੀਆਂ ਵਾਲੇ ਪਰਿਵਾਰਾਂ ਨੂੰ ਜਾਗਰੂਕ ਕੀਤਾ ਗਿਆ ਹੈ, ਇਸ ਮੌਕੇ ਰਾਜੇਸ਼ ਰਿਖੀ ਅਤੇ ਹਰਪ੍ਰੀਤ ਕੌਰ ਵੱਲੋਂ ਟੀਕਿਆਂ ਦੀ ਲੋੜ ਅਤੇ ਅਹਿਮੀਅਤ ਬਾਰੇ ਦੱਸਦੇ ਹੋਏ ਗੱਡੀਆਂ ਵਾਲੇ ਪਰਿਵਾਰਾਂ ਨੂੰ ਟੀਕਾਕਰਣ ਕਰਾਉਣ ਦੇ ਲਈ ਰਜਾਮੰਦ ਕੀਤਾ ਗਿਆ ਕੀਤਾ ਗਿਆ ਇਸ ਮੌਕੇ ਗੁਰਮੀਤ ਕੌਰ ਮਪਹਵ ਫੀਮੇਲ,ਆਸ਼ਾ ਭਾਰਤੀ ਕੌਰ,ਆਸ਼ਾ ਰਾਜ ਕੌਰ ਵੀ ਹਾਜ਼ਰ ਸਨ

# ਨਗਰ ਸੁਧਾਰ ਟਰੱਸਟ ਦੀ ਜਾਇਦਾਦ ਉਪਰੋਂ ਛੁਡਵਾਇਆ ਨਾਜਾਇਜ਼ ਕਬਜ਼ਾ



ਮੋਗਾ ( ਲੋਕ ਬਾਣੀ ) ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਗਰ ਸੁਧਾਰ ਟਰੱਸਟ ਮੋਗਾ ਦੀ ਜਾਇਦਾਦ ਵਿੱਚ ਕਾਨੂੰਨੀ ਤਰੀਕੇ ਨਾਲ ਵਾਧਾ ਕੀਤਾ ਜਾ ਰਿਹਾ ਹੈ ਤਾਂ ਕਿ ਪੰਜਾਬ ਦੀ ਆਰਥਿਕ ਸਥਿਤੀ ਨੂੰ ਹੋਰ ਮਜ਼ਬੂਤੀ ਪ੍ਰਦਾਨ ਹੋ ਸਕੇ।

ਜਾਣਕਾਰੀ ਦਿੰਦਿਆ ਨਗਰ ਸੁਧਾਰ ਟਰੱਸਟ ਮੋਗਾ ਦੇ ਚੇਅਰਮੈਨ ਦੀਪਕ ਅਰੋੜਾ ਨੇ ਦੱਸਿਆ ਕਿ ਟਰੱਸਟ ਵੱਲੋਂ ਅੱਜ ਸਕੀਮ ਨੰ:1 (ਸ਼ਹੀਦ ਭਗਤ ਸਿੰਘ ਮਾਰਕੀਟ) ਵਿੱਚ ਬੂਥ ਨੰਬਰ 3 ਵਿੱਚ ਕਿਰਾਏਦਾਰ ਵੱਲੋ ਕੀਤੇ ਨਜਾਇਜ਼ ਕਬਜ਼ੇ ਨੂੰ ਕੋਰਟ ਦੇ ਹੁਕਮਾਂ ਅਨੁਸਾਰ ਪ੍ਰਾਪਤ ਕੀਤਾ ਗਿਆ। ਉਹਨਾਂ ਕਿਹਾ ਕਿ ਇਸ ਤੋਂ ਪਹਿਲਾ ਵੀ ਟਰੱਸਟ ਵੱਲੋਂ ਦੋ ਨਜਾਇਜ਼ ਕਬਜ਼ੇ ਛੁਡਵਾਏ ਗਏ ਹਨ, ਜਿਸ ਨਾਲ ਟਰੱਸਟ ਦੀ ਜਾਇਦਾਦ ਵਿੱਚ ਵਾਧਾ ਕੀਤਾ ਹੋਇਆ ਹੈ।

ਚੇਅਰਮੈਨ ਨੇ ਬਾਕੀ ਕਬਜ਼ਾ ਧਾਰਕਾਂ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜਿਹੜੇ ਕਬਜ਼ਾ ਧਾਰਕ ਉਲਝਾ ਕੇ ਜਾਂ ਨਜਾਇਜ ਕੇਸ ਬਣਾਕੇ ਟਰੱਸਟ ਅਤੇ ਮਾਣਯੋਗ ਅਦਾਲਤ ਦਾ ਸਮਾਂ ਖਰਾਬ ਕਰ ਰਹੇ ਹਨ ਉਹ ਬਾਜ਼ ਆ ਜਾਣ, ਕਿਉਂਕੀ ਹੁਣ ਪੰਜਾਬ ਵਿੱਚ ਇੱਕ ਇਮਾਨਦਾਰ ਸਰਕਾਰ ਹੈ ਜੋ ਇੱਕ ਮਿਸ਼ਨ ਤੇ ਹੈ ਨਾ ਕਿ ਕਮਿਸ਼ਨ ਤੇ।

ਉਹਨਾਂ ਕਿਹਾ ਕਿ ਸ੍ਰ ਭਗਵੰਤ ਸਿੰਘ ਮਾਨ ਦੀ ਆਮ ਤੇ ਮਿਹਨਤੀ ਲੋਕਾਂ ਪ੍ਰਤੀ ਸੁਚੱਜੀ ਸੋਚ ਸਦਕਾ ਅੱਜ ਉਹਨਾਂ ਵਰਗੇ ਆਮ ਵਰਕਰਾਂ ਨੂੰ ਚੇਅਰਮੈਨੀ ਦੇ ਅਹੁਦੇ ਨਿਵਾਜੇ ਗਏ ਹਨ, ਇਸ ਲਈ ਉਹ ਇਸ ਅਹੁਦੇ ਉੱਪਰ ਪੂਰੀ ਇਮਾਨਦਾਰੀ ਨਾਲ ਕੰਮ ਕਰਨਗੇ।

ਇਸ ਮੌਕੇ ਟਰੱਸਟ ਦੇ ਸਹਾਇਕ ਇੰਜੀਨੀਅਰ ਅੰਕਿਤ ਨਾਰੰਗ ਅਤੇ ਹੋਰ ਅਧਿਕਾਰੀ/ਕਰਮਚਾਰੀ ਹਾਜ਼ਰ ਸਨ।

# ਰਾਜਸਥਾਨ ਵਿੱਚ ਵਾਪਰੀ ਸਿੱਖ ਬੀਬੀ ਨਾਲ ਪੇਪਰ ਵਿੱਚ ਨਾ ਬੈਠਣ ਦੇਣ ਦੀ ਘਟਨਾ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਰੋਸ ਪ੍ਰਗਟ ਕੀਤਾ



ਬਠਿੰਡਾ ( ਲੋਕ ਬਾਣੀ )-ਸਰੋਮਣੀ ਅਕਾਲੀ ਦਲ ਬਾਦਲ ਦੇ ਪਰਧਾਨ ਸੁਖਬੀਰ ਸਿੰਘ ਬਾਦਲ ਵੱਲੋ ਆਪਣੇ ਸੋਸ਼ਲ ਮੀਡੀਆ ਤੇ ਪੋਸਟ ਸ਼ੇਅਰ ਕਰਦੇ ਹੋਏ, ਉਹਨਾਂ ਨੇ ਕਿਹਾ - ਇਹ ਸੱਚਮੁੱਚ ਹੈਰਾਨ ਕਰਨ ਵਾਲੀ ਘਟਨਾ ਹੈ ਕਿ ਇੱਕ ਹੋਰ - ਅੰਮ੍ਰਿਤਧਾਰੀ ਮਹਿਲਾ ਵਕੀਲ ਬੀਬੀ ਲਖਵਿੰਦਰ ਕੌਰ ਨੂੰ 23 ਜੂਨ ਨੂੰ ਰਾਜਸਥਾਨ ਦੇ ਨਿਆਂਇਕ ਪ੍ਰੀਖਿਆ ਦੇ ਇੱਕ ਕੇਂਦਰ ਵਿੱਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ, ਕਿਉਂਕਿ ਉਸਨੇ ਸਿੱਖ ਧਰਮ ਦੀ ਮਰਿਆਦਾ ਅਨੁਸਾਰ ਕੱਕਾਰ ਪਾਏ ਹੋਏ ਸਨ। ਇਸ ਤੋਂ ਪਹਿਲਾਂ ਬੀਬੀ ਅਰਮਨਜੋਤ ਕੌਰ ਨੂੰ ਪ੍ਰੀਖਿਆ ਵਿੱਚ ਬੈਠਣ ਤੋਂ ਰੋਕ ਦਿੱਤਾ ਗਿਆ ਸੀ।ਗੁਰਸਿੱਖ ਲੜਕੀ ਅੰਬਾਲਾ ਛਾਉਣੀ ਦੀ ਰਹਿਣ ਵਾਲੀ ਹੈ। ਲੜਕੀ ਦਾ ਨਾਮ ਲਖਵਿੰਦਰ ਕੌਰ ਹੈ ਅਤੇ ਉਹ ਰਿਆਤ ਕਾਲਜ ਆਫ਼ ਲਾਅ, ਰੂਪ ਨਗਰ ਵਿੱਚ ਸਹਾਇਕ ਪ੍ਰੋਫੈਸਰ ਹੈ। ਲਖਵਿੰਦਰ ਕੌਰ ਨੇ ਦੱਸਿਆ ਕਿ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੀ.ਐਚ.ਡੀ ਕਰ ਰਹੀ ਹੈ ਅਤੇ ਇਹ ਉਸਦਾ ਆਖਰੀ ਸਾਲ ਹੈ। ਉਹ ਨਿਆਂਪਾਲਿਕਾ ਦੀ ਪ੍ਰੀਖਿਆ ਦੀ ਵੀ ਤਿਆਰੀ ਕਰ ਰਹੀ ਸੀ। ਪਿਛਲੇ ਹ.ਫਤੇ ਉਸ ਦੀ ਰਾਜਸਥਾਨ ਜੁਡੀਸ਼ਰੀ ਪ੍ਰੀਖਿਆ 23 ਜੂਨ ਨੂੰ ਸੀ । ਜਿਸ ਦਾ ਕੇਂਦਰ ਜੋਧਪੁਰ ਵਿਖੇ ਸੀ. ਉਹ ਸਮੇਂ ਸਿਰ ਸਬੰਧਤ ਕੇਂਦਰ ਪਹੁੰਚ ਗਿਆ। ਜਦੋਂ ਉਹ ਪ੍ਰੀਖਿਆ ਕੇਂਦਰ ਵਿੱਚ ਦਾਖ਼ਲ ਹੋਣ ਲਈ ਕਤਾਰ ਵਿੱਚ ਖੜ੍ਹੀ ਹੋਈ ਤਾਂ ਉਸ ਨੂੰ ਕੜਾ ਤੇ ਕਿਰਪਾਨ ਉਤਾਰਨ ਲਈ ਕਿਹਾ ਗਿਆ।

# ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਸਕੂਲ ਸਾਹਮਣੇ ਰੋਸ ਪ੍ਰਦਰਸ਼ਨ 1 ਜੁਲਾਈ ਨੂੰ

## ਮਾਮਲਾ ਪ੍ਰਸ਼ਾਸਨ ਵੱਲੋਂ ਸਕੂਲ ਮੁਖੀ ਤੋਂ ਧੱਕੇ ਨਾਲ 4 ਲੱਖ ਰੁਪਏ ਉਗਰਾਉਣ ਦਾ




ਕੋਟ ਈਸੇ ਖਾਂ, (ਅਰੋੜਾ) ਮਾਸਟਰ ਕੇਡਰ ਯੂਨੀਅਨ ਮੋਗਾ ਦੇ ਜਿਲਾ ਜਰਨਲ ਸਕੱਤਰ ਸ਼ਮਸ਼ੇਰ ਸਿੰਘ , ਪ੍ਰਗਟਜੀਤ ਸਿੰਘ ਕਿਸ਼ਨਪੁਰਾ ਚੇਅਰਮੈਨ ਬੀਐਡ ਅਧਿਆਪਕ ਫ਼ਰੰਟ ਪੰਜਾਬ, ਡੀ ਟੀ ਐਫ ਤੋ ਸੀਨੀਅਰ ਮੀਤ ਪ੍ਰਧਾਨ ਸਵਰਨ ਦਾਸ,ਕੰਪਿਊਟਰ ਅਧਿਆਪਕ ਯੂਨੀਅਨ ਦੇ ਸੂਬਾ ਸਕੱਤਰ ਹਰਭਗਵਾਨ ਸਿੰਘ, ਜੱਜਪਾਲ ਸਿੰਘ ਬਾਜੇਕੇ ਜ਼ਿਲਾ ਪ੍ਰਧਾਨ ਜੀਟੀਯੂ, ਸੁਰਜੀਤ ਸਮਰਾਟ ਜਿਲ੍ਹਾ ਪ੍ਰਧਾਨ ਐਲੀਮੈਂਟਰੀ ਟੀਚਰ ਯੂਨੀਅਨ, ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿਛਲੇ ਦਿਨੀ ਚੌਂਕੀਦਾਰ ਜਤਿੰਦਰ ਕੁਮਾਰ ਕੁਕੂ ਦੀ ਗਰਮੀ ਲੱਗਣ ਕਾਰਨ ਕੁਦਰਤੀ ਮੌਤ ਹੋ ਗਈ ਸੀ ਪ੍ਰਸ਼ਾਸਨ ਵੱਲੋਂ ਧੱਕੇ ਨਾਲ ਦੋਸ਼ੀ ਬਣਾਉਣ ਦਾ ਡਰਾਵਾ ਦੇ ਕੇ ਸਕੂਲ ਮੁਖੀ ਕੋਲੋਂ 4 ਲੱਖ ਰੁਪਏ ਉਗਰਾਹੇ ਗਏ ਜੋ ਕਿ ਸਕੂਲ ਮੁਖੀ ਤੇ ਸਕੂਲ ਸਟਾਫ ਨਾਲ ਸਰਾਸਰ ਧੱਕਾ ਹੈ।ਇਸ ਸੰਬੰਧ ਵਿੱਚ ਮਿਤੀ 1 ਜੁਲਾਈ ਨੂੰ ਸਥਾਨਕ ਪ੍ਰਸ਼ਾਸਨ ਵਿਰੁੱਧ ਸਕੂਲ ਨੂੰ ਤਾਲਾ ਲਾ ਕੇ ਸਕੂਲ ਸਾਹਮਣੇ 10 ਵਜੇ ਕਾਲੇ ਬਿੱਲੇ ਲਗਾ ਕੇ ਧਰਨਾ ਦਿੱਤਾ ਜਾਵੇਗਾ. ਜਿਲਾ ਮੋਗਾ ਦੇ ਸਮੂਹ ਅਧਿਆਪਕ ਜੱਥੇਬੰਦੀਆਂ ਅਤੇ ਅਧਿਆਪਕਾਂ ਨੂੰ ਇਸ ਧਰਨੇ ਵਿੱਚ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ ਤਾਂ ਜੋ ਬੇਕਸੂਰ ਸਕੂਲ ਇੰਚਾਰਜ ਕਿਰਨਪਾਲ ਕੌਰ ਨੂੰ ਇਨਸਾਫ ਦਵਾਇਆ ਜਾਵੇ।

ਇਸ ਮੌਕੇ ਕੁਲਵਿੰਦਰ ਸਿੰਘ ਸੀ. ਐੱਚ.ਟੀ., ਸੋਹਣ ਸਿੰਘ ਬਲਾਕ ਪ੍ਰਧਾਨ , ਬਲਵਿੰਦਰ ਸਿੰਘ ਮੁੱਖ ਅਧਿਆਪਕ, ਸੁਖਦੇਵ ਸਿੰਘ ਜਾਣੀਆਂ, ਸੁਰਿੰਦਰ ਸ਼ਰਮਾ ਈ ਟੀ ਯੂ, ਬਲਜੀਤ ਸਿੰਘ ਦੌਲੇਵਾਲਾ,ਸੁਖਦੇਵ ਸਿੰਘ ਲੈਕਚਰਾਰ, ਸ਼ੁਮਾਰ ਸਿੰਘ ਬਹਿਰਾਮਕੇ, ਤਜਿੰਦਰ ਸੋਂਦੀ, ਨਰਿੰਦਰ ਸਿੰਘ ਜਾਣੀਆਂ, ਵਰਿੰਦਰ ਸਿੰਘ ਘਲੋਟੀ, ਰਾਜ ਕੁਮਾਰ, ਗੁਰਮੀਤ ਸਿੰਘ ਢੋਲੇਵਾਲਾ, ਬਰਿੰਦਰਜੀਤ ਸਿੰਘ, ਸੁਖਦੀਪ ਸਿੰਘ, ਨਿਤਿਨ ਕੁਮਾਰ, ਗੁਰਪ੍ਰੀਤ ਅੰਮੀਵਾਲ,, ਸ਼ੁਮਾਰ ਸਿੰਘ ਬਰਾਮਕੇ, ਬਲਵੀਰ ਸਿੰਘ, ਆਦਿ ਹਾਜ਼ਿਰ ਸਨ।

# ਚੰਡੀਗੜ੍ਹ ਸਾਹਿਤ ਅਕਾਦਮੀ ਦਾ ਸਾਲਾਨਾ ਇਨਾਮ ਵੰਡ ਸਮਾਗਮ ਸੰਪੰਨ

## - ਰਾਜਪਾਲ ਨੇ ਡਾ.ਵਿਨੋਦ ਕੁਮਾਰ ਨੂੰ ਕੀਤਾ ਸਨਮਾਨਿਤ




ਅਮੁਲਿਆ,ਚੰਡੀਗੜ੍ਹ(ਲੋਕ ਬਾਣੀ)ਚੰਡੀਗੜ੍ਹ ਸਾਹਿਤ ਅਕਾਦਮੀ ਦਾ ਸਾਲਾਨਾ ਇਨਾਮ ਵੰਡ ਸਮਾਗਮ ਸੰਪੰਨ ਹੋ ਗਿਆ ਹੈ। ਇਹ ਪ੍ਰੋਗਰਾਮ ਮਾਨਯੋਗ ਰਾਜਪਾਲ, ਪੰਜਾਬ ਅਤੇ ਪ੍ਰਸ਼ਾਸਕ, ਚੰਡੀਗੜ੍ਹ, ਬਨਵਾਰੀ ਲਾਲ ਪੁਰੋਹਿਤ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਇਹ ਸਮਾਗਮ ਰੰਧਾਵਾ ਆਡੀਟੋਰੀਅਮ, ਪੰਜਾਬ ਕਲਾ ਪ੍ਰੀਸ਼ਦ ਸੈਕਟਰ-16ਬੀ, ਚੰਡੀਗੜ੍ਹ ਵਿਖੇ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਰਾਸ਼ਟਰੀ ਗੀਤ ਨਾਲ ਹੋਈ। ਰਾਜੀਵ ਵਰਮਾ, ਆਈਏਐਸ, ਪ੍ਰਸ਼ਾਸਕ ਦੇ ਸਲਾਹਕਾਰ, ਯੂਟੀ, ਚੰਡੀਗੜ੍ਹ ਨੇ ਰਾਜਪਾਲ ਨੂੰ ਗੁਲਦਸਤਾ ਭੇਟ ਕੀਤਾ। ਚੰਡੀਗੜ੍ਹ ਸਾਹਿਤ ਅਕਾਦਮੀ ਦੇ ਪ੍ਰਧਾਨ ਮਾਧਵ ਕੌਸ਼ਿਕ ਨੇ ਮੁੱਖ ਮਹਿਮਾਨ ਅਤੇ ਦੂਜੇ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਪ੍ਰੋਗਰਾਮ ਵਿੱਚ ਸਾਹਿਤਕਾਰਾਂ ਨੂੰ ਸਨਮਾਨਿਤ ਕੀਤਾ ਗਿਆ। ਰਾਜਪਾਲ ਨੇ ਆਪਣੇ ਸੰਬੋਧਨ ਵਿੱਚ ਹਜ਼ਾਰੀ ਪ੍ਰਸਾਦ ਦਿਵੇਦੀ, ਮੁਨਸ਼ੀ ਪ੍ਰੇਮ ਚੰਦ, ਸੁਭਦਰਾ ਕੁਮਾਰੀ ਚੌਹਾਨ, ਤੁਲਸੀਦਾਸ ਆਦਿ ਦਾ ਵੀ ਜ਼ਿਕਰ ਕੀਤਾ। ਇਸ ਮੌਕੇ ਡਾ ਵਿਨੋਦ ਕੁਮਾਰ, ਵਿਮਲਾ ਗੁਗਲਾਨੀ, ਦਲਜੀਤ ਕੌਰ, ਅਨੰਤ ਸ਼ਰਮਾ, ਰੇਖਾ ਮਿੱਤਲ, ਸ਼ੈਲੀ ਵਿੱਜ, ਅਨੁਰਾਧਾ ਅਗਨੀਹੋਤਰੀ, ਮੰਜੂ ਮਲਹੋਤਰਾ, ਸੰਗੀਤਾ ਸ਼ਰਮਾ, ਸੁਰਿੰਦਰ ਪਾਲ, ਰਜਿੰਦਰ ਕੁਮਾਰ ਸੌਂਧ, ਪਿਊਸ਼ ਕੁਮਾਰ, ਸੁਖਵਿੰਦਰ ਕੌਰ, ਡਾ. ਸ਼ਾਇਰ ਭੱਟੀ, ਮਨਪ੍ਰੀਤ ਸਿੰਘ, ਜਿਗਿਆਸਾ ਖਰਬੰਦਾ, ਵਿਨੋਦ ਖੰਨਾ, ਅਨੀਸ਼ ਗਰਗ, ਅਜੈ ਸਿੰਘ ਰਾਣਾ ਓਮ ਪ੍ਰਕਾਸ਼ ਸੋਂਧੀ, ਨਿਰਮਲ ਜਸਵਾਲ, ਜਸਵਿੰਦਰ ਸ਼ਰਮਾ, ਪ੍ਰੀਤਮ ਡੋਮਲ, ਬਲਵਿੰਦਰ ਚਾਹਲ, ਗੁਰਦੀਪ ਗੁਲ, ਰੇਨੂੰ ਬਹਿਲ ਨੂੰ ਸਮਮਾਨਿਤ ਕੀਤਾ ਗਯਾ। ਮਾਨਯੋਗ ਅਵਾਰਡ 2024 ਵਿੱਚ ਰਾਜਿੰਦਰ ਕੁਮਾਰ ਕਨੌਜੀਆ, ਸੁਮਿਤਾ ਮਿਸ਼ਰਾ, ਪ੍ਰਾਣਨਾਥ ਪੰਕਜ, ਸਵਰਾਜਬੀਰ, ਜ਼ਰੀਨਾ ਨਘਮੀ ਨੂੰ ਚੰਡੀਗੜ੍ਹ ਸਾਹਿਤ ਅਕਾਦਮੀ ਵੱਲੋਂ ਇੱਕ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ। ਧੰਨਵਾਦ ਦਾ ਮਤਾ ਚੰਡੀਗੜ੍ਹ ਸਾਹਿਤ ਅਕਾਦਮੀ ਦੇ ਮੀਤ ਪ੍ਰਧਾਨ ਮਨਮੋਹਨ ਸਿੰਘ ਨੇ ਦਿੱਤਾ। ਇਸ ਮੌਕੇ ਸੁਭਾਸ਼ ਭਾਸਕਰ, ਪ੍ਰੇਮ ਵਿੱਜ, ਕੇਕੇ ਸ਼ਾਰਦਾ, ਰਾਜੇਸ਼ ਸ਼ਰਮਾ ਆਦਿ ਵੀ ਹਾਜ਼ਰ ਸਨ।

# ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦਾ ਮੁੱਦਾ ਅਮਰੀਕਾ ਦੇ ਸਿਆਸੀ ਗਲਿਆਰਿਆਂ ਵਿੱਚ ਪਹੁੰਚਿਆ

ਅੰਮ੍ਰਿਤਸਰ/ਨਿਊਯਾਰਕ,(ਲੋਕ ਬਾਣੀ)ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਕਰੀਬ ਦੋ ਲੱਖ ਵੋਟਾਂ ਨਾਲ ਜਿੱਤ ਪ੍ਰਾਪਤ ਕਰਨ ਦੇ ਬਾਵਜੂਦ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਰਿਹਾਈ ਨਾ ਕਰਦਿਆਂ ਲੋਕ ਸਭਾ ਵਿਚ ਸੌਹ ਚੁੱਕ ਸਮਾਗਮ ਤੋਂ ਦੂਰ ਰੱਖਣ ਦਾ ਮੁੱਦਾ ਅਮਰੀਕਾ ਦੇ ਸਿਆਸੀ ਗਲਿਆਰਿਆਂ ਵਿੱਚ ਪਹੁੰਚ ਗਿਆ ਹੈ। ਇਸ ਸੰਬੰਧੀ ਬੀਤੇ ਦਿਨ ਅਮਰੀਕਾ ਦੇ ਪ੍ਰਸਿੱਧ ਸਿੱਖ ਅਟਾਰਨੀ ਜਸਪ੍ਰੀਤ ਸਿੰਘ ਨੇ ਯੂ.ਐਸ. ਏ ਦੀ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨਾਲ ਮੁਲਾਕਾਤ ਕੀਤੀ। ਉੱਥੇ ਸਿੱਖ ਅਟਾਰਨੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਉਹਨਾਂ ਦੀ ਇਸ ਮੁਲਾਕਾਤ ਨੂੰ ਬਹੁਤ ਹੀ ਸਕਾਰਾਤਮਿਕ ਹੁੰਗਾਰਾ ਮਿਲਿਆ ਹੈ।

ਇਹ ਮੁਲਾਕਾਤ ਕਮਲਾ ਹੈਰਿਸ ਵੱਲੋਂ ਦਿੱਤੇ ਗਏ ਸਮੇਂ ਮੁਤਾਬਕ ਕੈਲੇਫੋਰਨੀਆ ਸੂਬੇ ਦੇ ਸ਼ਹਿਰ ਲਾਸ ਐਂਜਲਸ ਵਿਖੇ ਹੋਈ। ਜੋ ਲਗਭਗ ਇੱਕ ਘੰਟੇ ਦੇ ਤੱਕ ਚੱਲੀ। ਇਸ ਮੀਟਿੰਗ ਦੌਰਾਨ ਸਿੱਖ ਅਟਾਰਨੀ ਜਸਪ੍ਰੀਤ ਸਿੰਘ ਨੇ ਅੰਮ੍ਰਿਤਪਾਲ ਸਿੰਘ ਸਮੇਤ ਸਿੱਖਾਂ ਨਾਲ ਸੰਬੰਧਿਤ ਅਨੇਕਾਂ ਹੋਰ ਅਹਿਮ ਮੁੱਦਿਆਂ ਨੂੰ ਕਮਲਾ ਹੈਰਿਸ ਦੇ ਸਾਹਮਣੇ ਰੱਖਿਆ। ਅਟਾਰਨੀ ਜਸਪ੍ਰੀਤ ਸਿੰਘ ਨੇ ਪੰਜਾਬ ਦੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋ ਚੁਣੇ ਗਏ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਨੂੰ ਪਹਿਲ ਦਿੱਤਾ ਗਿਆ ਅਤੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਉੱਪਰ ਐਨ.ਐੱਸ.ਏ. ਬਿਲਕੁਲ ਗ਼ਲਤ ਅਤੇ ਗੈਰ-ਕਾਨੂੰਨੀ ਹੈ। ਕਿਉਂਕਿ ਇਹ ਅੰਗਰੇਜ਼ਾਂ ਦੁਆਰਾ ਆਜ਼ਾਦੀ ਤੋਂ ਪਹਿਲਾ ਦੇ ਕਾਨੂੰਨਾਂ ਦੇ ਆਧਾਰ ਤੇ ਲਗਾਇਆ ਗਿਆ ਹੈ। ਜੋ ਉਹ ਦੂਜੇ ਲੋਕਾਂ ਨੂੰ ਦਬਾਉਣ ਲਈ ਲਗਾਉਂਦੇ ਸਨ। ਸਿੱਖ ਅਟਾਰਨੀ ਜਸਪ੍ਰੀਤ ਸਿੰਘ ਨੇ ਕਮਲਾ ਹੈਰਿਸ ਨੂੰ ਇਹ ਵੀ ਦੱਸਿਆ ਕਿ ਭਾਈ ਅੰਮ੍ਰਿਤਪਾਲ ਸਿੰਘ ਨੇ ਭਾਰਤੀ ਲੋਕ ਸਭਾ ਇਲੈੱਕਸ਼ਨ ਦੌਰਾਨ ਖਡੂਰ ਸਾਹਿਬ ਤੋਂ ਭਾਰੀ ਬਹੁਮਤ ਵੋਟਾਂ ਦੇ ਨਾਲ ਜਿੱਤ ਪ੍ਰਾਪਤ ਕੀਤੀ ਹੈ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਇਸ ਜਿੱਤ ਦੇ ਬਾਅਦ ਉਹਨਾਂ ਦੇ ਉੱਪਰ ਲਗਾਈ ਐਨ.ਐੱਸ.ਏ. 'ਤੇ ਇੱਕ ਹੋਰ ਸਾਲ ਦਾ ਸਮਾਂ ਹੋਰ ਵਧਾ ਦਿੱਤਾ ਗਿਆ ਹੈ। ਉੱਥੇ ਸਿੱਖ ਅਟਾਰਨੀ ਨੇ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੂੰ ਦੱਸਿਆ ਕਿ ਮਨੁੱਖੀ ਅਧਿਕਾਰਾਂ ਦਾ ਭਾਰਤ ਵਿੱਚ ਘਾਣ ਹੋ ਰਿਹਾ ਹੋਣ ਦਾ ਸਬੂਤ ਹੈ। ਅਤੇ ਅਜਿਹੇ ਕਾਨੂੰਨ ਗੈਰ ਸੰਵਿਧਾਨਿਕ ਤਰੀਕੇ ਨਾਲ ਲਗਾਏ ਜਾ ਰਹੇ ਹਨ।ਅਟਾਰਨੀ ਜਸਪ੍ਰੀਤ ਸਿੰਘ ਨੇ ਨਾਲ ਹੀ ਭਾਰਤੀ ਜੇਲ੍ਹਾਂ ਵਿੱਚ ਲੰਬੇ ਸਮੇਂ ਤੋਂ ਆਪਣੀਆਂ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਵੀ ਕਮਲਾ ਹੈਰਿਸ ਦੇ ਕੋਲ ਚੁੱਕਿਆ।ਉਹਨਾਂ ਦੱਸਿਆ ਅਨੇਕਾਂ ਸਿੱਖ ਸਜਾਵਾਂ ਪੂਰੀਆਂ ਹੋਣ ਦੇ ਬਾਵਜੂਦ ਵੀ ਭਾਰਤ ਦੀਆਂ ਜੇਲ੍ਹਾਂ ਦੇ ਵਿੱਚ ਕੈਦ ਹਨ। ਜਲਦ ਹੀ ਉਹਨਾਂ ਦੀ ਰਿਹਾਈ ਹੋਣੀ ਚਾਹੀਦੀ ਹੈ। ਤੀਸਰਾ ਮੁੱਦਾ ਉਹਨਾਂ ਨੇ ਭਾਰਤੀ ਸਰਕਾਰ ਵੱਲੋਂ ਅਮਰੀਕਾ ਵਿੱਚ ਰਹਿ ਰਹੇ ਕੁੱਝ ਸਿੱਖ ਲੀਡਰਾਂ 'ਤੇ ਹਮਲਾ ਕਰਵਾਉਣ ਦੀ ਵੀ ਕੀਤੀ ਗਈ ਕੋਸ਼ਿਸ਼ ਬਾਰੇ ਗੱਲਬਾਤ ਕੀਤੀ ਅਤੇ ਦੱਸਿਆ ਕਿ ਕਈ ਸਿੱਖ ਲੀਡਰਾਂ ਨੂੰ ਕਈ ਤਰਾਂ ਦੀਆਂ ਧਮਕੀਆਂ ਮਿਲ ਰਹੀਆਂ ਹਨ। ਜਿਸ ਕਰਕੇ ਸਿੱਖ ਕਮਿਊਨਿਟੀ ਵਿੱਚ ਇੱਥੇ ਕਾਫ਼ੀ ਸਮੇਂ ਤੋਂ ਰੋਸ ਦੀ ਲਹਿਰ ਚੱਲ ਰਹੀ ਹੈ।ਉਹਨਾਂ ਨੇ ਇਮੀਗ੍ਰੇਸ਼ਨ ਦੇ ਨਾਲ ਸੰਬੰਧਿਤ ਹੋਰ ਮਸਲਿਆਂ ਬਾਰੇ ਵੀ ਗੱਲਬਾਤ ਕੀਤੀ। ਪੰਜਵਾਂ ਅਹਿਮ ਮੁੱਦਾ ਉਹਨਾਂ ਨੇ ਅਮਰੀਕਾ ਵਿੱਚ ਰਹਿ ਰਹੇ ਸਿੱਖਾਂ ਸੰਬੰਧੀ ਲਗਾਤਾਰ ਵੱਧ ਰਹੇ ਹੇਟ ਕ੍ਰਾਈਮ (ਨਸਲਕੁਸ਼ੀ) ਦਾ ਵੀ ਚੁੱਕਿਆ। ਉਹਨਾਂ ਦੱਸਿਆ ਕਿ ਆਏ ਦਿਨ ਸਿੱਖਾਂ ਨਾਲ ਨਸਲਕੁਸ਼ੀ ਦੀ ਭਾਵਨਾ ਰੱਖਦੇ ਹੋਏ ਕਈ ਮੰਦਭਾਗੀ ਘਟਨਾਵਾਂ ਵਾਪਰੀਆਂ ਹਨ। ਨਾਲ ਹੀ ਉਹਨਾਂ ਕਈ ਸਿੱਖ ਨੌਜਵਾਨਾਂ ਉੱਪਰ ਹੋਏ ਹਮਲਿਆਂ ਬਾਰੇ ਵੀ ਦੱਸਿਆ, ਇਹਨਾਂ ਸਾਰੇ ਮੁੱਦਿਆਂ ਨੂੰ ਸੁਣਨ ਤੋਂ ਬਾਅਦ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਇਹਨਾਂ ਉੱਪਰ ਪੂਰਾ ਧਿਆਨ ਦਿੱਤਾ ਅਤੇ ਇਹਨਾਂ ਉੱਪਰ ਲੋੜੀਂਦਾ ਅਤੇ ਹਰ ਸੰਭਵ ਕਦਮ ਚੁੱਕਣ ਦਾ ਭਰੋਸਾ ਵੀ ਦਿੱਤਾ। ਉਹਨਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਸੰਬੰਧੀ ਭਾਰਤ ਦੀ ਸਰਕਾਰ ਨਾਲ ਉਹਨਾਂ ਦਾ ਰਾਬਤਾ ਕਾਇਮ ਹੈ।ਉਹਨਾਂ ਕਿਹਾ ਕਿ ਭਾਰਤ ਨਾਲ ਅਮਰੀਕਾ ਦੇ ਸੰਬੰਧ ਮਜ਼ਬੂਤ ਹਨ ਅਤੇ ਇਸ ਸਥਿਤੀ ਵਿੱਚ ਉਹ ਇੱਕ ਮਜ਼ਬੂਤ ਭਾਰਤ ਨੂੰ ਦੇਖਣਾ ਚਾਹੁੰਦੇ ਹਨ। ਕਮਲਾ ਹੈਰਿਸ ਨੇ ਇਹ ਵੀ ਕਿਹਾ ਕਿ ਅਮਰੀਕਾ ਵਿੱਚ ਰਹਿ ਰਹੇ ਸਿੱਖਾਂ ਦਾ ਅਮਰੀਕੀ ਅਰਥ ਵਿਵਸਥਾ ਵਿੱਚ ਬਹੁਤ ਹੀ ਵੱਡਾ ਯੋਗਦਾਨ ਹੈ। ਅਤੇ ਉਹ ਅਤੇ ਉਹਨਾਂ ਦੀ ਸਰਕਾਰ ਹਮੇਸ਼ਾਂ ਇੱਥੇ ਰਹਿੰਦੇ ਸਿੱਖ ਭਾਈਚਾਰੇ ਦੇ ਅਧਿਕਾਰਾਂ ਦੀ ਹਰ ਤਰਾਂ ਦੇ ਨਾਲ ਰੱਖਿਆ ਲਈ ਵਚਨਬੱਧ ਹਨ। ਹੈਰਿਸ ਨੇ ਕਿਹਾ ਕਿ ਅਮਰੀਕਾ ਵਿੱਚ ਰਹਿ ਰਹੇ ਸਿੱਖਾਂ ਉੱਪਰ ਜੇਕਰ ਕੋਈ ਵੀ ਹਮਲਾ ਹੁੰਦਾ ਹੈ, ਤਾਂ ਉਸ ਖਿਲਾਫ ਸਖ਼ਤ ਤੋ ਸਖ਼ਤ ਕਾਰਵਾਈ ਕੀਤੀ ਜਾਵੇਗੀ।




ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਵਾਰੀ ਵਾਰੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਬਦਨਾਮ ਨਾ ਕੀਤਾ ਜਾਵੇ - ਗੁਰਮੇਲ ਸਿੰਘ ਘਈ




ਤਲਵੰਡੀ ਸਾਬੋ (ਗੁਰਜੰਟ ਸਿੰਘ ਨਥੇਹਾ) ਹਲਕਾ ਤਲਵੰਡੀ ਸਾਬੋ ਦੀ ਅਹਿਮ ਮੀਟਿੰਗ ਹਲਕਾ ਇੰਚਾਰਜ ਰਵੀਪਰੀਤ ਸਿੰਘ ਸਿੱਧੂ ਦੇ ਗ੍ਰਹਿ ਵਿਖੇ ਹੋਈ ਜਿਸ ਵਿਚ ਹਾਜਰ ਸਰਕਲਾਂ ਦੇ ਪ੍ਰਧਾਨ, ਹਰਭਗਤ ਸਿੰਘ ਗਿਆਨਾ, ਬਿਦਰ ਸਿੰਘ ਪੱਕਾ ਕਲਾਂ, ਗੁਰਤੇਜ ਸਿੰਘ ਨਸੀਬਪੁਰਾ, ਬਲਵੰਤ ਸਿੰਘ ਨਥੇਹਾ, ਜਸਵਿੰਦਰ ਸਿੰਘ ਜੈਲਦਾਰ ਜਗਾ, ਹਰਮੋਹਿੰਦਰ ਸਿੰਘ ਤਲਵੰਡੀ ਸਾਬੋ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਮੌਜੂਦ ਸਨ। ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗਲਬਾਤ ਕਰਦਿਆਂ ਸੀਨੀਅਰ ਅਕਾਲੀ ਆਗੂ ਡਾ. ਗੁਰਮੇਲ ਸਿੰਘ ਘਈ ਨੇ ਕਿਹਾ ਕਿ ਮੀਡੀਆ ਵਿੱਚ ਵਾਰੀ ਵਾਰੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਬਦਨਾਮ ਨਾ ਕੀਤਾ ਜਾਵੇ ਕਿਉਂਕਿ ਸਾਰਾ ਹਲਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਹੱਕ ਵਿੱਚ ਖੜਾ ਹੈ। ਉਹਨਾਂ ਕਿਹਾ ਕਿ ਪੂਰੇ ਸੂਬੇ ਵਿਚ ਵੱਡੀ ਗਿਣਤੀ ਵਿਚ ਵਰਕਰ ਵੀ ਨਾਲ ਹਨ ਕਿਉਂਕਿ ਸਾਰੇ ਜ਼ਿਲ੍ਹਿਆਂ ਦੇ ਪ੍ਰਧਾਨ ਤੋ ਇਲਾਵਾ ਬੀਤੇ ਦਿਨੀਂ 117, ਹਲਕਾ ਇੰਚਾਰਜਾਂ ਵਿੱਚੋਂ 112 ਨੇ ਅਕਾਲੀ ਦਲ ਦੇ ਦਫਤਰ ਚੰਡੀਗੜ ਵਿੱਚ ਹਾਜ਼ਰ ਹੋਏ ਅਤੇ ਯੂਥ ਅਕਾਲੀ ਦਲ ਦੇ ਵਰਕਰਾਂ ਨੇ ਵੀ ਇਕਮੁਠਤਾ ਦਿਖਾਈ। ਉਹਨਾਂ ਕਿਹਾ ਕਿ ਸੱਤਾ ਵੇਲੇ ਜਿਹਨਾਂ ਨੇ ਵੱਧ ਅਨੰਦ ਮਾਣਿਆ ਉਹੀ ਹੁਣ ਮੋਦੀ ਅਕਾਲੀ ਦਲ ਬਣਾਉਣ ਨੂੰ ਵੱਧ ਉਤਾਵਲੇ ਹੋਏ ਬੈਠੇ ਹਨ। ਹੁਣ ਇਹਨਾਂ ਲਈ ਦਿੱਲੀ ਦੂਰ ਹੋ ਗਈ। ਇਹਨਾਂ ਬਾਰੇ ਸਭ ਵਰਕਰ ਅਤੇ ਆਮ ਪਬਲਿਕ ਜਾਣੂ ਹੈ। ਮੀਟਿੰਗ ਵਿਚ ਹੋਰਨਾਂ ਤੋ ਇਲਾਵਾ, ਕੌਂਸਲਰ ਰਣਜੀਤ ਸਿੰਘ ਮਲਕਾਣਾ ਪੀ ਏ, ਜਲੌਰਾ ਸਿੰਘ, ਹਰਤਾਬਲ ਸਿੰਘ ਸੁੱਖੀ ਪੀ ਏ, ਠਾਣਾ ਸਿੰਘ ਚੱਠਾ, ਤੇਜਾ ਸਿੰਘ ਮਲਕਾਣਾ, ਪ੍ਰੇਮ ਕੁਮਾਰ ਮਿੱਤਲ, ਜਸਵੀਰ ਸਿੰਘ ਸਾਬਕਾ ਸਰਪੰਚ ਆਦਿ ਆਗੂ ਹਾਜਰ ਸਨ।

# ਸੀਐਮ ਮਾਨ ਵੱਲੋਂ ਲੋੜਵੰਦ ਪਰਿਵਾਰਾਂ ਨੂੰ ਚਾਰ ਚਾਰ ਮਹੀਨਿਆਂ ਦਾ ਇਕੱਠਾ ਅਨਾਜ ਦੇਣ ਦਾ ਫੈਸਲਾ ਸਲਾਘਾਯੋਗ/ਹੈਪੀ ਔਲਖ/ਮਨਵੀਰ ਬੜੀ




ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਜਿੱਥੇ ਸੂਬੇ ਦੇ ਹੱਕਾਂ ਤੇ ਹਿੱਤਾਂ ਲਈ ਵੱਡੇ ਵੱਡੇ ਫੈਸਲੇ ਲਏ ਜਾ ਰਹੇ ਹਨ ਉੱਥੇ ਹਾਲ ਹੀ ਦੌਰਾਨ ਲੋੜਵੰਦ ਪਰਿਵਾਰਾਂ ਨੂੰ ਦਿੱਤੀਆਂ ਜਾ ਰਹੀਆਂ ਆਟੇ ਦੀਆਂ ਥੈਲੀਆਂ ਦੀ ਜਗ੍ਹਾ ਹੁਣ ਚਾਰ ਚਾਰ ਮਹੀਨਿਆਂ ਦੀ ਇਕੱਠੀ ਕਣਕ ਦੇਣ ਦਾ ਲਿਆ ਫੈਸਲਾ ਬੇਹੱਦ ਹੀ ਸਲਾਘਾਯੋਗ ਕਦਮ ਹੈ। ਕਿਉਂਕਿ ਆਟੇ ਦੀਆਂ ਥੈਲੀਆਂ ਤੂੰ ਨਾ ਖੁਸ ਸਨ ਅਤੇ ਆਟੇ ਦੀ ਕੁਆਲਿਟੀ ਵੀ ਸਹੀ ਨਹੀਂ ਸੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹੈਪੀ ਔਲਖ ਸ਼ੇਰਪੁਰ ਅਤੇ ਨੌਜਵਾਨ ਆਗੂ ਮਨਵੀਰ ਸਿੰਘ ਬੜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ। ਆਗੂਆਂ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਲੋੜਵੰਦ ਪਰਿਵਾਰਾਂ ਨੂੰ ਹਰ ਮਹੀਨੇ ਪੰਜ ਕਿਲੋ ਅਨਾਜ ਦੇਣ ਦੀ ਪੋਲਸੀ ਨੀਤੀ ਬੇਹੱਦ ਲੋਕ ਮਾਰੂ ਹੈ ਜਿਸ ਨੂੰ ਪੰਜਾਬ ਸਰਕਾਰ ਵਾਂਗ ਬਦਲਣਾ ਚਾਹੀਦਾ ਹੈ। ਉਹਨਾਂ ਅੱਗੇ ਦੱਸਿਆ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਅੰਦਰ ਚੱਲ ਰਹੀ ਆਪ ਸਰਕਾਰ ਹਰ ਵਰਗ ਦੇ ਲੋਕਾਂ ਨੂੰ ਬਣਦੀਆਂ ਸਹੂਲਤਾਂ ਦੇਣ ਵਿੱਚ ਪੂਰੀ ਤਰਹਾਂ ਬਚਨ ਵੱਧ ਹੈ। ਉਹਨਾਂ ਦੱਸਿਆ ਕਿ ਸਰਕਾਰ ਬੇਰੁਜ਼ਗਾਰੀ ਨੂੰ ਖਤਮ ਕਰਨ ਲਈ ਲਗਾਤਾਰ ਜਿੱਥੇ ਸਰਕਾਰੀ ਨੌਕਰੀਆਂ ਦੇ ਰਹੀ ਹੈ ਉੱਥੇ ਕਿਸਾਨਾਂ ਦੇ ਖੇਤਾਂ ਲਈ ਨਹਿਰੀ ਪਾਣੀ ਦੀ ਸਹੂਲਤ ਅਤੇ ਲੋਕਾਂ ਦੀ ਖੱਜਲ ਖੁਆਰੀ ਨੂੰ ਦੂਰ ਕਰਨ ਲਈ ਹੁਣ ਹਰ ਘਰ ਵਿੱਚ ਜਾ ਕੇ ਲੋਕਾਂ ਦੇ ਅਧੂਰੇ ਕੰਮ ਕਾਰਾਂ ਨੂੰ ਨੇਪਰੇ ਚਾੜਨ ਦਾ ਬੀੜਾ ਵੀ ਚੁੱਕਿਆ ਹੋਇਆ ਹੈ। ਉਹਨਾਂ ਅੱਗੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਸਰਕਾਰ ਤੁਹਾਡੇ ਦੁਆਰ ਮਹਿਮ ਤਹਿਤ ਅਨੇਕਾਂ ਸੂਬੇ ਦੇ ਲੋਕਾਂ ਨੂੰ ਸਹੂਲਤਾਂ ਦੇ ਚੁੱਕੀ ਹੈ। ਉਹਨਾਂ ਕਿਹਾ ਹੈ ਕਿ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪੂਰੀ ਤਰਾਂ ਖੁਸ਼ ਹਨ ਅਤੇ ਜਲੰਧਰ ਦੀ ਜੀਮਨੀ ਚੋਣ ਵੀ ਪਾਰਟੀ ਭਾਰੀ ਬਹੁਮਤ ਨਾਲ ਜਿੱਤੇਗੀ ।

# 6 ਸੀਟਾਂ ਹਾਰਨ ਤੋਂ ਬਾਅਦ ਜ਼ਮੀਨੀ ਵਰਕਰ ਭਾਵੇਂ ਨਾਖੁਸ਼ ਹੋਣ ਪਰ ਉਹ ਅਮੀਰ !

ਕਾਨਪੁਰ (ਸੁਨੀਲ ਬਾਜਪਾਈ) ਇੱਥੇ ਕਾਨਪੁਰ ਬੁੰਦੇਲਖੰਡ ਖੇਤਰ ਵਿੱਚ 10 ਵਿੱਚੋਂ 6 ਸੀਟਾਂ ਹਾਰਨ ਦੇ ਕਾਰਨਾਂ ਨੂੰ ਲੈ ਕੇ ਭਾਜਪਾ ਦੇ ਮੈਂਬਰਾਂ ਵਿੱਚ ਤਕਰਾਰ ਚੱਲ ਰਹੀ ਹੈ, ਇਸ ਲਈ ਇੱਕ ਜ਼ਿੰਮੇਵਾਰ ਅਧਿਕਾਰੀ ਦੀ ਅਗਵਾਈ ਵੱਲ ਉਂਗਲ ਉਠਾਈ ਜਾ ਰਹੀ ਹੈ।

ਦਰਅਸਲ, ਪਹਿਲਾਂ ਕਾਨਪੁਰ ਬੁੰਦੇਲਖੰਡ ਖੇਤਰ ਵਿੱਚ ਵੱਡੇ ਅਹੁਦੇ ਦੀ ਕਮਾਨ ਸੰਭਾਲਣ ਵਾਲੇ ਭਾਜਪਾ ਆਗੂ ਦੇ ਕਾਰਜਕਾਲ ਦੌਰਾਨ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੇ ਕਾਨਪੁਰ ਬੁੰਦੇਲਖੰਡ ਦੀਆਂ ਸਾਰੀਆਂ 10 ਸੀਟਾਂ ਜਿੱਤੀਆਂ ਸਨ, ਪਰ ਜਦੋਂ 10 ਸੀਟਾਂ ਜਿੱਤਣ ਵਾਲੇ ਭਾਜਪਾ ਆਗੂ ਬਣ ਗਏ। ਅਤੇ ਵੱਡੇ ਅਧਿਕਾਰੀ।

ਉਨ੍ਹਾਂ ਦੀ ਥਾਂ ਤੇ ਬੈਠਣ ਵਾਲੇ ਆਗੂ ਦੀ ਸੀਟ ਹਾਰ ਗਈ।

6 ਲੋਕ ਸਭਾ ਸੀਟਾਂ ਤੇ ਹੋਈ ਹਾਰ ਤੋਂ ਨਾਰਾਜ਼ ਭਾਜਪਾ ਦੇ ਹੇਠਲੇ ਪੱਧਰ ਦੇ ਮੈਂਬਰਾਂ ਅਨੁਸਾਰ ਅਜਿਹਾ ਇਸ ਲਈ ਹੋਇਆ ਕਿਉਂਕਿ ਨੇਤਾ ਜੀ ਨੇ ਉੱਚ ਅਹੁਦਾ ਮਿਲਣ ਤੋਂ ਬਾਅਦ ਕਾਨਪੁਰ ਬੁੰਦੇਲਖੰਡ ਖੇਤਰ ਦੀਆਂ ਸਾਰੀਆਂ ਸੀਟਾਂ ਤੇ ਭਾਜਪਾ ਨੂੰ ਜਿੱਤ ਦਿਵਾਉਣ ਲਈ ਸਖਤ ਮਿਹਨਤ ਕਰਨ ਦੀ ਬਜਾਏ ਆਪਣੀ ਸੀਟ ਭਾਵ ਕੁਰਸੀ ਲਈ ਮਾਧਿਅਮ ਰਾਹੀਂ ਕਮਾਈ ਕਰਨ ਦਾ ਸ਼ੌਕ ਪੈਦਾ ਕੀਤਾ। ਇਸ ਮਾਮਲੇ ਵਿੱਚ ਉਨ੍ਹਾਂ ਨੇ ਕਈ ਅਜਿਹੇ ਲੋਕਾਂ ਨੂੰ ਪਾਰਟੀ ਵਿੱਚ ਲਿਆਂਦਾ ਜੋ ਇਸ ਦੇ ਯੋਗ ਨਹੀਂ ਸਨ।

ਪਾਰਟੀ ਸੂਤਰਾਂ ਦਾ ਦਾਅਵਾ ਹੈ ਕਿ ਨੇਤਾ ਜੀ ਨੂੰ ਅਜਿਹਾ ਕਰਨ ਨਾਲ ਵੱਡਾ ਲਾਭ ਮਿਲਿਆ ਹੈ। ਭਾਵ, ਆਰਥਿਕ ਲਾਭ ਹਾਸਲ ਕਰਨ ਦੇ ਇਰਾਦੇ ਨਾਲ ਸ਼ਾਮਲ ਕੀਤੇ ਗਏ ਵਿਵਾਦਗ੍ਰਸਤ ਲੋਕ ਪਾਰਟੀ ਨਾਲੋਂ ਕਿਸੇ ਆਗੂ ਲਈ ਜ਼ਿਆਦਾ ਫਾਇਦੇਮੰਦ ਸਾਬਤ ਹੋਏ। ਇਹੀ ਕਾਰਨ ਹੈ ਕਿ ਇਨ੍ਹਾਂ ਸੱਤਾਧਾਰੀ ਆਗੂਆਂ ਦੀ ਸੁਆਰਥੀ ਲੀਡਰਸ਼ਿਪ ਨੂੰ 6 ਸੀਟਾਂ ਗੁਆਉਣ ਦਾ ਦੋਸ਼ ਲਾਇਆ ਜਾ ਰਿਹਾ ਹੈ।

ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਇਸ ਵਾਰ ਭਾਜਪਾ ਭਾਵੇਂ ਕਾਨਪੁਰ ਬੁੰਦੇਲਖੰਡ ਦੀਆਂ ਸਾਰੀਆਂ 10 ਸੀਟਾਂ ਨਾ ਜਿੱਤ ਸਕੀ ਹੋਵੇ, ਪਰ ਨੇਤਾਵਾਂ ਨੇ ਆਪਣੀ ਆਰਥਿਕ ਸਥਿਤੀ 10 ਗੁਣਾ ਵਧਾਉਣ ਵਿਚ ਜ਼ਰੂਰ ਕਾਮਯਾਬੀ ਹਾਸਲ ਕੀਤੀ ਹੈ, ਜਿਸ ਵਿਚ ਸਭ ਤੋਂ ਵੱਧ ਯੋਗਦਾਨ ਅਜਿਹੇ ਲੋਕਾਂ ਦਾ ਦੱਸਿਆ ਜਾਂਦਾ ਹੈ, ਜੋ ਖੁਸ਼ ਹਨ। ਬਾਅਦ ਵਿੱਚ ਜ਼ਮੀਨੀ ਪੱਧਰ ਦੇ ਪੁਰਾਣੇ ਵਰਕਰਾਂ ਨੂੰ ਨਜ਼ਰਅੰਦਾਜ਼ ਕਰਦਿਆਂ ਨਾ ਸਿਰਫ਼ ਉਨ੍ਹਾਂ ਨੂੰ ਭਾਜਪਾ ਵਿੱਚ ਸ਼ਾਮਲ ਕੀਤਾ ਗਿਆ ਸਗੋਂ ਹੋਰਨਾਂ ਪਾਰਟੀਆਂ ਦੇ ਲੋਕਾਂ ਨੂੰ ਵੀ ਸਭ ਤੋਂ ਵੱਧ ਅਹਿਮੀਅਤ ਦਿੱਤੀ ਗਈ।




ਜੇਕਰ ਕਾਨਪੁਰ ਬੁੰਦੇਲਖੰਡ ਖੇਤਰ ਦੇ ਇੱਕ ਸਾਬਕਾ ਅਧਿਕਾਰੀ ਦੇ ਦਾਅਵੇ ਦੀ ਮੰਨੀਏ ਤਾਂ ਮੌਜੂਦਾ ਅਧਿਕਾਰੀ ਨੇ ਅਹੁਦਾ ਮਿਲਣ ਤੋਂ ਬਾਅਦ ਸਭ ਤੋਂ ਪਹਿਲਾਂ ਜੋ ਕੰਮ ਕੀਤਾ ਉਹ ਪਾਰਟੀ ਨੂੰ ਮਜ਼ਬੂਤ ਕਰਨ ਲਈ ਨਹੀਂ ਸਗੋਂ ਆਪਣੇ ਆਪ ਨੂੰ ਆਰਥਿਕ ਤੌਰ ਤੇ ਮਜ਼ਬੂਤ ਕਰਨ ਲਈ ਕੀਤਾ।

ਜੇਕਰ 6 ਸੀਟਾਂ ਹਾਰਨ ਕਾਰਨ ਨਾਰਾਜ਼ ਹੋਏ ਵਰਕਰਾਂ ਅਤੇ ਪਾਰਟੀ ਦੇ ਹੋਰ ਸੂਤਰਾਂ ਤੋਂ ਮਿਲੀ ਜਾਣਕਾਰੀ ਦੀ ਮੰਨੀਏ ਤਾਂ ਭਾਰਤੀ ਜਨਤਾ ਪਾਰਟੀ ਭਾਵੇਂ 2019 ਦੀਆਂ ਲੋਕ ਸਭਾ ਚੋਣਾਂ ਵਾਂਗ ਕਾਨਪੁਰ ਬੁੰਦੇਲਖੰਡ ਖੇਤਰ ਦੀਆਂ ਸਾਰੀਆਂ 10 ਸੀਟਾਂ ਨਹੀਂ ਜਿੱਤ ਸਕੀ, ਪਰ ਮੌਜੂਦਾ ਭਾਜਪਾ ਆਗੂ ਸ. ਨੇ ਆਪਣੀ ਜਾਇਦਾਦ ਚ 10 ਗੁਣਾ ਤੋਂ ਜ਼ਿਆਦਾ ਵਾਧਾ ਕੀਤਾ ਹੈ ਅਤੇ ਜੋ ਇਸ ਤੇ ਵਿਸ਼ਵਾਸ ਨਹੀਂ ਕਰਦਾ ਉਹ ਖੁਦ ਜਾਂਚ ਕਰ ਲਵੇ ਕਿ ਅਹੁਦੇ ਤੇ ਪਹੁੰਚਣ ਤੋਂ ਪਹਿਲਾਂ ਨੇਤਾ ਜੀ ਦੀ ਵਿੱਤੀ ਸਥਿਤੀ ਕੀ ਸੀ ਅਤੇ ਕਿਸ ਰੂਪ ਚ ਅਤੇ ਕਿੰਨੀ ਵਧੀ ਹੈ। ਅਹੁਦਾ ਪ੍ਰਾਪਤ ਕਰਨ ਤੋਂ ਬਾਅਦ ?

ਇੰਨਾ ਹੀ ਨਹੀਂ, ਕਾਨਪੁਰ ਬੁੰਦੇਲਖੰਡ ਖੇਤਰ ਦੀਆਂ 6 ਸੀਟਾਂ ਹਾਰਨ ਲਈ ਵਰਕਰ ਆਪਣੀ ਸਮੀਖਿਆ ਚ ਆਪੋ-ਆਪਣੇ ਕਾਰਨ ਵੀ ਦੱਸ ਰਹੇ ਹਨ। ਕਾਨਪੁਰ ਬੁੰਦੇਲਖੰਡ ਖੇਤਰ ਦੀਆਂ 6 ਸੀਟਾਂ ਹਾਰਨ ਲਈ ਇਕ ਹੋਰ ਅਧਿਕਾਰਤ ਨੇਤਾ ਤੇ ਦੋਸ਼ ਲਗਾਉਂਦੇ ਹੋਏ ਉਹ ਪਾਰਟੀ ਦੇ ਵੱਡੇ ਨੇਤਾਵਾਂ ਤੱਕ ਆਪਣੀ ਗੱਲ ਪਹੁੰਚਾਉਣ ਲਈ ਸੋਸ਼ਲ ਮੀਡੀਆ ਦੀ ਵਰਤੋਂ ਵੀ ਕਰ ਰਹੇ ਹਨ। ਇਸ ਸਬੰਧੀ ਨਿਰਾਲਾ ਨਗਰ ਦੇ ਸਾਬਕਾ ਮੰਡਲ ਪ੍ਰਧਾਨ ਅਰੁਣ ਕੁਮਾਰ ਬਾਜਪਾਈ ਉਰਫ਼ ਬਾਵਾ ਬਾਜਪਾਈ ਅਤੇ ਕਿਸਾਨ ਮੋਰਚਾ ਦੇ ਅਹੁਦੇਦਾਰ ਧੀਰਜ ਉਰਫ਼ ਧੀਰੂ ਬਾਜਪਾਈ ਵੱਲੋਂ ਵੀ ਅਜਿਹਾ ਹੀ ਇੱਕ ਪੋਸਟਰ ਲਗਾਇਆ ਗਿਆ ਹੈ, ਜਿਸ ਅਨੁਸਾਰ ਉਹ ਆਪਣੀ-ਆਪਣੀ ਜਾਤੀ ਦੇ ਮੁਖੀ ਅਤੇ ਏ.ਸੀ ਅਤੇ ਪੂਰੇ 5 ਸਾਲਾਂ ਲਈ ਆਨੰਦ ਮਾਣ ਰਿਹਾ ਹੈ। ਪਹਿਲਾਂ ਇਨ੍ਹਾਂ ਦੀ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ।

ਪੋਸਟ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਸਾਡੇ ਕਾਨਪੁਰ ਵਿੱਚ ਪਾਲ ਸਮਾਜ ਦਾ ਇੱਕ ਖੇਤਰੀ ਪ੍ਰਧਾਨ ਹੈ ਜਿਸਦਾ ਸਕੋਰ 10 ਵਿੱਚੋਂ 4 ਸੀ, ਮਤਲਬ 6 ਸੰਸਦ ਮੈਂਬਰ ਚੋਣ ਹਾਰ ਗਏ। ਪਰ ਪਾਲ ਜੀ ਨੇ ਥੋੜ੍ਹੇ ਸਮੇਂ ਵਿੱਚ ਹੀ ਬਹੁਤ ਤਰੱਕੀ ਕਰ ਲਈ।

ਵਾਇਰਲ ਹੋਈ ਪੋਸਟ ਵਿੱਚ ਲਿਖਿਆ ਹੈ ਕਿ ਪਾਲ ਭਾਈਚਾਰੇ ਨੇ ਅਕਬਰਪੁਰ ਲੋਕ ਸਭਾ ਵਿੱਚ ਭਾਜਪਾ ਨੂੰ ਵੋਟ ਨਹੀਂ ਪਾਈ।

ਕੁੱਲ ਮਿਲਾ ਕੇ ਕਾਨਪੁਰ ਬੁੰਦੇਲਖੰਡ ਖੇਤਰ ਦੀਆਂ 10 ਵਿੱਚੋਂ 6 ਸੀਟਾਂ ਤੇ ਭਾਜਪਾ ਦੀ ਹਾਰ ਨੇ ਹੇਠਲੇ ਪੱਧਰ ਦੇ ਵਰਕਰਾਂ ਨੂੰ ਬਹੁਤ ਨਿਰਾਸ਼ ਅਤੇ ਨਿਰਾਸ਼ ਕੀਤਾ ਹੈ। ਉਸ ਦਾ ਦਾਅਵਾ ਹੈ ਕਿ ਜੇਕਰ ਨਿਰਪੱਖ ਸਮੀਖਿਆ ਕੀਤੀ ਜਾਵੇ ਤਾਂ ਇਸ ਹਾਰ ਲਈ ਸਿਰਫ਼ ਸੁਆਰਥੀ ਆਗੂ ਅਤੇ ਅਹਿਮ ਅਹੁਦਿਆਂ ਤੇ ਕਾਬਜ਼ ਅਧਿਕਾਰੀ ਹੀ ਜ਼ਿੰਮੇਵਾਰ ਸਾਬਤ ਹੋਣਗੇ, ਪਰ ਕੀ ਅਸਲ ਵਿਚ ਅਜਿਹਾ ਕੁਝ ਹੋਵੇਗਾ ? ਸਮਾਂ ਹੀ ਦੱਸੇਗਾ।

# ਕਾਂਗਰਸ ਪਾਰਟੀ ਨੇ ਸੀਨੀਅਰ ਕਾਂਗਰਸੀ ਆਗੂ ਗੁਰਮੇਲ ਸਿੰਘ ਮੌੜ ਨੂੰ ਜਲੰਧਰ ਵੈਸਟ ਦਾ ਇੰਚਾਰਜ ਲਗਾਇਆ



ਸ਼ੇਰਪੁਰ ( ਸੱਤਪਾਲ ਸਿੰਘ ਕਾਲਾਬੂਲਾ) ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲੋਂ ਵਿਧਾਨ ਸਭਾ ਜਲੰਧਰ ਤੋਂ ਜਿਮਨੀ ਚੋਣ ਲੜ ਰਹੀ ਪਾਰਟੀ ਆਮ ਘਰ ਦੀ ਵਰਕਰ ਬੀਬੀ ਸੁਰਿੰਦਰ ਕੌਰ ਦੇ ਹੱਕ ਵਿੱਚ ਜੋਰਦਾਰ ਚੋਣ ਪ੍ਰਚਾਰ ਲਈ ਪਾਰਟੀ ਨੇ ਤੇਜ਼ ਤਰਾਰ ਆਗੂ ਗੁਰਮੇਲ ਸਿੰਘ ਮੌੜ ਨੂੰ ਵੈਸਟ 46 ਨੰਬਰ ਵਾਰਡ ਦਾ ਇੰਚਾਰਜ ਨਿਯੁਕਤ ਕੀਤਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਰਟੀ ਦੇ ਸੀਨੀਅਰ ਆਗੂ ਗੁਰਮੇਲ ਸਿੰਘ ਮੌੜ ਨੇ ਦੱਸਿਆ ਹੈ ਕਿ ਪਾਰਟੀ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸਰਦਾਰ ਰਾਜਾ ਵੜਿੰਗ ਜੀਆਂ ਵੱਲੋਂ ਉਨਾਂ ਨੂੰ ਸਮੇਂ-ਸਮੇਂ ਸਿਰ ਬੇਹਦ ਪਿਆਰ ਅਤੇ ਸਤਿਕਾਰ ਦਿੱਤਾ ਗਿਆ ਹੈ। ਹਾਲ ਹੀ ਦੌਰਾਨ ਜਲੰਧਰ ਦੀ ਜੀਮਨੀ ਚੋਣ ਵਿੱਚ ਵੀ ਉਹਨਾਂ ਨੂੰ ਸੇਵਾ ਦਾ ਮੌਕਾਕੇ ਪਾਰਟੀ ਨੇ ਉਹਨਾਂ ਦਾ ਮਾਣ ਹੋਰ ਵਧਾਇਆ। ਉਹਨਾਂ ਅੱਗੇ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਰਿਕਾਰਡ ਤੋੜ ਵੋਟਾਂ ਨਾਲ ਜੇਤੂ ਰਹੇ ਮੈਂਬਰ ਪਾਰਲੀਮੈਂਟ ਸਰਦਾਰ ਚਰਨਜੀਤ ਸਿੰਘ ਚੰਨੀ ਹੁਰਾ ਦਾ ਲੋਕਾਂ ਨਾਲ ਅਥਾਹ ਪਿਆਰ ਅਤੇ ਸਤਿਕਾਰ ਕਿਸੇ ਤੋਂ ਵੀ ਲੁਕਿਆ ਛੁਪਿਆ ਨਹੀਂ ਹੈ। ਇਸ ਲਈ ਇਸ ਵਾਰ ਵੀ ਜਲੰਧਰ ਦੀ ਜਮਨੀ ਚੋਣ ਵਿੱਚ ਕਾਂਗਰਸ ਪਾਰਟੀ ਵਿਰੋਧੀਆਂ ਨੂੰ ਕਰਾਰੀ ਹਾਰ ਦੇ ਕੇ ਲੋਕ ਸਭਾ ਵਾਂਗ ਜਿੱਤ ਦੇ ਝੰਡੇ ਗੱਡੇਗੀ। ਉਹਨਾਂ ਅੱਗੇ ਦੱਸਿਆ ਕਿ ਬੀਬੀ ਸੁਰਿੰਦਰ ਕੌਰ ਪੰਜ ਵਾਰ ਐਮਸੀ ਬਣ ਚੁੱਕੇ ਹਨ ਅਤੇ ਇਹ ਆਮ ਵਰਕਰਾਂ ਵਿੱਚੋਂ ਇੱਕ ਇਮਾਨਦਾਰ ਸ਼ਖਸ਼ੀਅਤ ਹਨ। ਬੇਹੱਦ ਲੋਕ ਪ੍ਰੀਆਤਾ ਕਾਰਨ ਵੋਟਰ ਉਨਾਂ ਨੂੰ ਬੇਹੱਦ ਪਿਆਰ ਅਤੇ ਸਤਿਕਾਰ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਉਹਨਾਂ ਪਾਰਟੀ ਨੂੰ ਭਰੋਸਾ ਦਵਾਇਆ ਕਿ ਉਹ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਆਪਣੇ ਹਲਕੇ ਵਿੱਚ ਕੰਮ ਕਰਦੇ ਹੋਏ ਬੀਬੀ ਸੁਰਿੰਦਰ ਕੌਰ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਜਿੱਤ ਪਾਰਟੀ ਦੀ ਝੋਲੀ ਪਾਉਣਗੇ।ਦੱਸ ਦਈਏ ਕਿ ਗੁਰਮੇਲ ਸਿੰਘ ਮੌੜ ਇਸ ਤੋਂ ਪਹਿਲਾਂ ਸਤਰਾਣਾ ਹਲਕੇ ਦੇ ਕੁਆਰਡੀਨੇਟਰ ਵੀ ਰਹਿ ਚੁੱਕੇ ਹਨ।

# ਅਰੁੰਧਤੀ ਰਾਏ ਅਤੇ ਪ੍ਰੋ. ਸ਼ੇਖ਼ ਸ਼ੌਕਤ ਹੁਸੈਨ ਅਤੇ ਸਭਨਾਂ ਬੇਗੁਨਾਹਾਂ ਨੂੰ ਬੰਦੀ ਬਣਾਉਣ ਦਾ ਵਿਰੋਧ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ ) ਅੱਜ ਕੁਦਰਤ ਮਾਨਵ ਕੇਂਦਰ ਲੋਕ ਲਹਿਰ ਦੀ ਸਥਾਨਕ ਇਕਾਈ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ । ਇਸ ਵਿਚ ਕੁਦਰਤ ਮਾਨਵ ਕੇਂਦਰਿਤ ਲੋਕ ਲਹਿਰ ਦੇ ਬਾਨੀ ਅਤੇ ਉੱਘੇ ਵਿਦਵਾਨ, ਜੰਮੂ ਅਤੇ ਕਸ਼ਮੀਰ ਦੇ ਵੱਖਰੇ ਕਾਨੂੰਨ ਘੜਨੀ ਸਭਾ ਦੇ ਮੈਂਬਰ ਸ਼੍ਰੀ ਆਰ. ਪੀ. ਸ਼ਰਾਫ ਦੀ, ਉਨ੍ਹਾਂ ਦੀ ਜੰਮਣ ਭੋਇੰ ਸਾਂਬਾ ( ਜੇ. ਐਂਡ ਕੇ.) ਵਿਖੇ ਬਰਸੀ ਵਿਚ ਸ਼ਾਮਲ ਹੋਕੇ ਆਉਣ ਤੇ ਉੱਥੋਂ ਦੀ ਰਿਪੋਰਟਿੰਗ ਕੀਤੀ ਗਈ। ਉਸਤੋਂ ਬਾਅਦ ਵੱਖ ਵੱਖ ਬਹੁਤ ਸਾਰੀਆਂ ਜਮਹੂਰੀ ਅਤੇ ਇਨਸਾਫ਼ ਪਸੰਦ ਜਥੇਬੰਦੀਆਂ ਵੱਲੋਂ 1 ਜੁਲਾਈ ਨੂੰ ਪੂਰੇ ਮੁਲਕ ਭਰ ਵਿਚ ਕੇਂਦਰੀ ਸਰਕਾਰ ਵੱਲੋਂ ਥੋਪੇ ਗਏ ਗੈਰ - ਜਮਹੂਰੀ ਅਤੇ ਨਾਦਰਸ਼ਾਹੀ ਕਾਨੂੰਨਾਂ ਖ਼ਿਲਾਫ਼ ਰੋਸ ਪ੍ਰਦਸ਼ਨ ਕਰਨ ਦੇ ਦਿੱਤੇ ਦਾ ਪ੍ਰੋਗਰਾਮ ਤਹਿਤ ਧੂਰੀ ਵਿਖ ਸ਼ਾਮਲ ਹੋਣ ਦਾ ਫੈਸਲਾ ਕੀਤਾ। ਕਨਵੀਨਰ ਸੰਦੀ ਸਿੰਘ ਗਰੇਵਾਲ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੌਕੇ ਮਾਸਟਰ ਈਸ਼ਰ ਸਿੰਘ ਸ਼ੇਰਪੁਰ,ਕਰਮਿੰਦਰ ਸਿੰਘ ਲਾਲੀ, ਬਲਦੇਵ ਸਿੰਘ ਘਨੌਰੀ,ਡਾਕਟਰ ਰਣਜੀਤ ਸਿੰਘ ਕਾਲਾਬੂਲਾ, ਬਾਬਾ ਸੁਰਿੰਦਰ ਸਿੰਘ ਹੇੜੀਕੇ,ਕਾਮਰੇਡ ਹਰਗੋਬਿੰਦ ਤੋਂ ਇਲਾਵਾ ਇਕਾਈ ਦੇ ਬਹੁਤ ਸਰੇ ਮੈਂਬਰ ਹਾਜ਼ਰ ਸਨ।

# ਖਰੜ ਤਹਿਸੀਲ ਦੇ ਪਿੰਡਾਂ ਅਤੇ ਇਲਾਕੇ ਦੇ ਲੋਕਾਂ ਵਲੋਂ ਬਿਜਲੀ ਅਤੇ ਪਾਣੀ ਦੀ ਸਮੱਸਿਆ ਨੂੰ ਲੈ ਕੇ ਖਰੜ ਵਿਖੇ ਦਿੱਤਾ ਰੋਸ ਧਰਨਾ

ਖਰੜ, (ਕਾਲਾ ਸਿੰਘ ਸੈਣੀ):- ਬਿਜਲੀ ਦੀ ਸਪਲਾਈ ਕਿਸਾਨਾਂ ਨੂੰ ਪੂਰੀ ਨਾ ਮਿਲਣ ਕਾਰਨ ਅਤੇ ਝੋਨੇ ਦੀ ਫਸਲ ਸੁੱਕਣ ਕਾਰਨ ਦੇ ਰੋਸ ਵਜੋਂ ਇਲਾਕੇ ਅਤੇ ਪਿੰਡਾਂ ਦੇ ਕਿਸਾਨਾਂ ਅਤੇ ਭਾਰਤੀ ਕਿਸਾਨ ਯੂਨੀਅਨ ਵਲੋਂ ਖਰੜ-ਚੰਡੀਗੜ ਹਾਈਵੇਅ ਤੇ ਬੱਸ ਅੱਡਾ ਖਰੜ ਨੇੜੇ ਰੋਸ ਧਰਨਾ ਦੇ ਕੇ ਮੌਜੂਦਾ ਆਪ ਸਰਕਾਰ ਅਤੇ ਪਾਵਰਕਾਮ ਤੇ ਪ੍ਰਸ਼ਾਸ਼ਨ ਦੇ ਖਿਲਾਫ ਰੋਸ ਧਰਨਾ ਦੇ ਕੇ ਨਾਅਰੇਬਾਜ਼ੀ ਕੀਤੀ ਗਈ। ਧਰਨਾ ਸ਼ੁਰੂ ਹੁੰਦੇ ਹੀ ਖਰੜ*ਚੰਡੀਗੜ, ਖਰੜ,-ਰੋਪੜ, ਲੁਧਿਆਣਾ ਅਤੇ ਬਨੂੜ ਹਾਈਵੇਅ ਸੜਕਾਂ ਦੇ ਵਾਹਨਾਂ ਦੀਆਂ ਲੰਬੀਆਂ ਲਾਈਨਾਂ ਲੱਗ ਗਈਆਂ। ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜਿਲਾ ਪ੍ਰਧਾਨ ਦਵਿੰਦਰ ਸਿੰਘ ਦੇਹ ਕਲਾਂ ਨੇ ਕਿਹਾ ਅੱਜ ਸਰਕਾਰ ਦਾ ਇਹ ਹਾਲ ਹੈ ਕਿ ਕਿਸੇ ਵੀ ਦਫਤਰ ਵਿਚ ਚਲੇ ਜਾਓ ਵੱਡੇ ਪੱਧਰ ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ, ਪੈਸੇ ਦਿੱਤੇ ਵਗੈਰ ਕੋਈ ਕੰਮ ਨਹੀਂ ਹੁੰਦਾ। ਸਰਕਾਰ ਦਾ ਕੋਈ ਦਬਾਓ ਨਹੀ, ਕੰਮ ਰੁਲ ਰਹੇ ਹਨ ਅਤੇ ਸਰਕਾਰੀ ਦਫਤਰਾਂ ਵਿਚ ਵੱਡੇ ਪੱਧਰ ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ। ਪਿੰਡਾਂ ਵਿਚ ਮਸਾਂ ਹੀ 2-3 ਘੰਟੇ ਬਿਜਲੀ ਦੀ ਸਪਲਾਈ ਆ ਰਹੀ ਹੈ। ਰੋਸ ਧਰਨੇ ਨੂੰ ਸੰਬੋਧਨ ਕਰਦਿਆ ਕਿਸਾਨ ਆਗੂ ਜਸਪਾਲ ਸਿੰਘ ਨਿਆਮੀਆਂ ਨੇ ਕਿਹਾ ਕਿ ਅਸੀ ਅੱਜ ਇਹ ਛੋਟੇ ਧਰਨੇ ਦਾ ਸਰਕਾਰ ਨੂੰ ਟਰੇਲਰ ਦਿਖਾਇਆ ਹੈ ਕਿ ਜੇਕਰ ਦੋ ਦਿਨਾਂ ਵਿਚ ਬਿਜਲੀ ਦੀ ਸਪਲਾਈ ਖੇਤੀਬਾੜੀ ਸੈਕਟਰ ਲਈ ਨਿਰਵਿਘਨ ਨਾ ਦਿੱਤੀ ਗਈ ਤਾਂ ਬੁੱਧਵਾਰ ਨੂੰ ਖਰੜ ਬੱਸ ਅੱਡਾ, ਫਲਾਈਓਵਰ ਅਤੇ ਸਾਰੇ ਹਾਈਵੇਅ ਬੰਦ ਕਰਕੇ ਵੱਡਾ ਰੋਸ ਧਰਨਾ ਦਿੰਦੇ ਹੋਏ ਚੱਕਾ ਜਾਮ ਕੀਤਾ ਜਾਵੇਗਾ ਜਿਸਦੀ ਜਿੰਮੇਵਾਰੀ ਸਰਕਾਰ ਅਤੇ ਪ੍ਰਸ਼ਾਸ਼ਨ ਦੀ ਹੋਵੇਗੀ। ਭਾਰਤੀ ਕਿਸਾਨ ਯੂਨੀਅਨ ਸਿੱਧਪੁਰ ਦੇ ਆਗੂ ਬਹਾਦਰ ਸਿੰਘ ਨਿਆਮੀਆਂ ਨੇ ਕਿਹਾ ਕਿ ਅੱਜ ਅਸੀ ਬਿਜਲੀ ਦੀ ਸਪਲਾਈ ਨੂੰ ਲੈ ਕੇ ਇਕੱਠੇ ਹੋਏ, ਅਗਲਾ ਸਮਾਂ ਬਹੁਤ ਅਜਿਹਾ ਆ ਰਿਹਾ ਹੈ ਕਿ ਸਰਕਾਰਾਂ ਤੋਂ ਹੱਕ ਸਾਨੂੰ ਖੋਹਣੇ ਪੈਣੇ ਹਨ। ਸਰਕਾਰ ਕਹਿੰਦੀ ਸੀ ਕਿ 15 ਜੂਨ ਤੋਂ ਪੈਡੀ ਦਾ ਸੀਜ਼ਨ ਸ਼ੁਰੂ ਹੋ ਜਾਣਾ ਹੈ, ਅਸੀ ਆਪਣੇ ਪ੍ਰਬੰਧ ਠੀਕ ਕਰ ਲਏ ਅਤੇ ਪੰਜ ਦਿਨਾਂ ਬਾਅਦ ਹੀ ਸਰਕਾਰ ਬਿਜਲੀ ਸਪਲਾਈ ਦੇਣ ਵਿਚ ਫੇਲ ਹੋ ਚੁੱਕੀ ਹੈ। ਪਿਛਲੇ 8 ਦਿਨਾਂ ਤੋਂ ਮਲਕਪੁਰ, ਬਡਾਲੀ, ਰਸਨਹੇੜੀ, ਘੜੂੰਆਂ ਵਿਚ ਮਸਾਂ ਸਾਢੇ ਤਿੰਨ ਘੰਟੇ ਬਿਜਲੀ ਦੀ ਸਪਲਾਈ ਮਿਲ ਰਹੀ ਹੈ ਜਿਹੜੇ ਕਿਸਾਨਾਂ ਨੇ ਝੋਨਾ ਲਗਾਇਆ ਹੈ ਉਹ ਵੀ ਸੁੱਕ ਰਿਹਾ ਹੈ। ਉਨਾਂ ਕਿਹਾ ਕਿ ਐਕਸੀਅਨ ਨਾਲ ਪਿਛਲੇ 4 ਦਿਨਾਂ ਤੋਂ ਲਗਾਤਾਰ ਗੱਲ ਹੁੰਦੀ ਰਹੀ ਹੈ ਅਤੇ ਇਹ ਹੀ ਭਰੋਸਾ ਦਿੰਦੇ ਰਹੇ ਕਿ 2-4 ਦਿਨ ਕੱਢ ਲਓ ਜਲਦੀ ਸੁਧਾਰ ਹੋ ਜਾਵੇਗਾ। ਪਰਮਪ੍ਰੀਤ ਸਿੰਘ ਖਾਨਪੁਰ ਨੇ ਕਿਹਾ ਕਿ ਪਿੰਡਾਂ ਵਿਚ ਬਿਜਲੀ ਸਪਲਾਈ ਦਾ ਮਾੜਾ ਹੈ ਅਤੇ ਸ਼ਹਿਰ ਵਿਚ ਕੋਈ ਕਲੋਨੀ ਕੱਟੀ ਜਾਂਦੀ ਹੈ ਤਾਂ ਪਾਵਰਕਾਮ ਵਲੋਂ ਸਪਲਾਈ ਲਈ ਲਾਈਨਾਂ ਪਾਈਆਂ ਜਾਂਦੀਆਂ ਹਨ ਅਤੇ ਸਾਰੀ ਸਾਰੀ ਰਾਤ ਐਲ.ਈ.ਡੀ.ਬਲਬ ਜੱਗਦੇ ਰਹਿੰਦੇ ਹਨ। ਕੱਲ ਵੀ ਸ਼ਹਿਰ ਨਿਵਾਸੀਆਂ ਵਲੋਂ ਦੋ ਥਾਵਾਂ ਤੇ ਸੜਕਾਂ ਤੇ ਰੋਸ ਧਰਨੇ ਦਿੱਤੇ ਪਰ ਸਰਕਾਰ ਦੇ ਕੰਨਾਂ ਤੇ ਜੂੰ ਨਹੀ। ਇਸ ਮੌਕੇ ਗੁਰਮੀਤ ਸਿੰਘ



ਖੂਨੀਮਾਜਰਾ, ਜਗਤਾਰ ਸਿੰਘ ਹਨੀ, ਗੁਰਜੰਟ ਸਿੰਘ, ਰਣਜੀਤ ਸਿੰਘ ਬਜਹੇੜੀ, ਪਰਮਿੰਦਰ ਸਿੰਘ ਪੋਪਨਾ, ਸੁਖਜਿੰਦਰ ਸਿੰਘ, ਅਮਰਜੀਤ ਸਿੰਘ ਸਮੇਤ ਵੱਡੀ ਗਿਣਤੀ ਵਿਚ ਇਲਾਕੇ ਅਤੇ ਪਿੰਡਾਂ ਦੇ ਕਿਸਾਨ ਹਾਜ਼ਰ ਸਨ।

ਪਾਵਰਕਾਮ ਖਰੜ ਦੇ ਐਕਸੀਅਨ ਇੰਦਰਪ੍ਰੀਤ ਸਿੰਘ ਨੇ ਮੌਕੇ ਤੇ ਪੁੱਜ ਕੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਗਰਿਡ ਵਿਚ ਸਮੱਸਿਆ ਆਉਣ ਕਾਰਨ ਇਹ ਸਮੱਸਿਆ ਆਈ ਹੈ ਅਤੇ ਕਿਸਾਨਾਂ ਨੂੰ ਬਿਜਲੀ ਦੀ ਸਪਲਾਈ ਦਿੱਤੀ ਜਾਵੇਗੀ, ਜੋ ਬਿਜਲੀ ਦੀ ਸਪਲਾਈ ਘਟ ਮਿਲੀ ਹੈ ਉਹ ਵੀ ਜਲਦੀ ਪੂਰੀ ਕੀਤੀ ਜਾਵੇਗੀ। ਉਨਾਂ ਕਿਹਾ ਕਿ ਜੇਕਰ ਸਪਲਾਈ ਵਾਧੂ ਆਵੇਗੀ ਤਾਂ ਖੇਤੀਬਾੜੀ ਲਈ ਵਾਧੂ ਦੇ ਦਿੱਤੀ ਜਾਵੇਗੀ। ਇਸ ਮੌਕੇ ਖਰੜ ਪ੍ਰਸ਼ਾਸ਼ਨ ਵਲੋਂ ਡਿਊਟੀ ਮੈਜਿਸਟੇਟ ਵਿਕਾਸ਼ਦੀਪ ,ਥਾਣਾ ਸਿਟੀ ਖਰੜ ਦੇ ਐਸ.ਆਈ. ਦਿਲਬਾਗ ਸਿੰਘ, ਬੀਰ ਚੰਦ ਸਮੇਤ ਹੋਰ ਪੁਲਿਸ ਕਰਮਚਾਰੀ ਮੌਕੇ ਤੇ ਹਾਜ਼ਰ ਸਨ।

# ਬਾਲ ਕਵਿਤਾ - ਜਨਮ ਦਿਨ



ਕੱਲ੍ਹ ਮੈਂ ਆਪਣਾ ਜਨਮਦਿਨ ਮਨਾਇਆ ,
ਮੈਂ ਇੱਕ ਰੁੱਖ ਵੀ ਲਗਾਇਆ ,
ਤੁਸੀਂ ਵੀ ਆਪਣਾ ਜਨਮਦਿਨ ਮਨਾਓ ,
ਤੁਸੀਂ ਵੀ ਇੱਕ ਰੁੱਖ ਲਗਾਓ ,
ਰੁੱਖ ਲਗਾਓ – ਰੁੱਖ ਲਗਾਓ ,
ਧਰਤੀ ਨੂੰ ਖੁਸ਼ਹਾਲ ਬਣਾਓ ,
ਵਾਤਾਵਰਣ ਨੂੰ ਹਰਾ – ਭਰਾ ਬਣਾਓ ,
ਜਦੋਂ ਆਪਣਾ ਜਨਮ ਦਿਨ ਮਨਾਓ ,
ਆਪਣੇ ਜਨਮ ਦਿਨ ਤੇ ਰੁੱਖ ਲਗਾਓ।

ਨਵਦੀਪ ਕੌਰ , ਜਮਾਤ ਪੰਜਵੀਂ ,
ਸਰਕਾਰੀ ਪ੍ਰਾਇਮਰੀ ਸਮਾਰਟ
ਸਕੂਲ ਗੰਭੀਰਪੁਰ ਲੋਅਰ ,
ਸਿੱਖਿਆ ਬਲਾਕ ਸ੍ਰੀ ਅਨੰਦਪੁਰ
ਸਾਹਿਬ , ਜ਼ਿਲ੍ਹਾ ਰੂਪਨਗਰ ,
ਗਾਈਡ ਅਧਿਆਪਕ
ਮਾਸਟਰ ਸੰਜੀਵ ਧਰਮਾਣੀ



# ਪੁਲਿਸ ਸਾਂਝ ਸਬ ਡਵੀਜ਼ਨ ਕੇਦਰ ਖਰੜ ਵਲੋਂ ਚੰਦੋ ਗੋਬਿੰਦਗੜ ਦੇ ਖੇਡ ਸਟੇਡੀਅਮ ਵਿਚ ਲਗਾਏ ਪੌਦੇ



ਖਰੜ, (ਕਾਲਾ ਸਿੰਘ ਸੈਣੀ):–ਖਰੜ ਦੇ ਨਜਦੀਕੀ ਪਿੰਡ ਚੰਦੋਂ ਵਿਖੇ ਮਾਨਯੋਗ ਸਪੈਸ਼ਲ ਡਾਇਰੈਕਟਰ ਜਨਰਲ ਆਫ ਪੁਲਿਸ ਕਮਿਊਨਟੀ ਅਫੇਅਰਜ ਦੇ ਦਿਸ਼ਾ ਨਿਰਦੇਸ਼ਾ ਤਹਿਤ ਮਾਨਯੋਗ ਸੀਨੀਅਰ ਪੁਲਿਸ ਕਪਤਾਨ ਡਾ. ਸੰਦੀਪ ਗਰਗ ਆਈ.ਪੀ.ਐਸ., ਕਪਤਾਨ ਪੁਲਿਸ ਸਥਾਨਕ ਕਮ ਜਿਲਾ ਕਮਿਊਨਟੀ ਪੁਲਿਸ ਅਫਸਰ ਤੁਸ਼ਾਰ ਗੁਪਤਾ ਆਈ.ਪੀ.ਐਸ ਜੀ ਦੀ ਅਗਵਾਈ ਹੇਠ ਖੇਡ ਸਟੇਡੀਅਮ ਪਿੰਡ ਚੰਦੋ ਗੋਬਿੰਦਗੜ ਜਿਲਾਂ ਐੱਸ.ਏ.ਐੱਸ ਨਗਰ ਵਿਖੇ ਯੁਵਾ ਸਾਂਝ ਕਮੇਟੀ ਮੈਂਬਰਾਂ ਦੇ ਸਹਿਯੋਗ ਨਾਲ ਸੈਮੀਨਾਰ ਕਰਾਇਆ ਗਿਆ ਜਿਸ ਵਿਚ ਸਟੇਡੀਅਮ ਦੇ ਗੁਰਜੀਤ ਸਿੰਘ ਫੁੱਟਬਾਲ ਕੌਚ ਮੋਹਾਲੀ ਸਮੇਤ ਆਏ ਖਿਡਾਰੀਆਂ ਨੂੰ ਐਂਟੀ ਡਰਗ ਫੈਡਰੇਸ਼ਨ ਨਾਮ ਦੀ ਐਨ. ਜੀ. ਓ ਨਾਲ ਮਿਲ ਕੇ ਸਮਾਜ ਵਿੱਚ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਸੰਬੰਧੀ ਅਤੇ ਵਾਤਾਵਰਣ ਨੂੰ ਹਰਾ ਭਰਾ ਰੱਖਣ ਅਤੇ ਪਰਦੂਸ਼ਣ ਰਹਿਤ ਕਰਨ ਸਬੰਧੀ 25 ਦੇ ਕਰੀਬ ਵੱਖ ਵੱਖ ਕਿਸਮਾ ਦੇ ਸਟੇਡੀਅਮ ਵਿਚ ਬੂਟੇ ਲਗਾਉਣ ਸਬੰਧੀ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ। ਜਿਸ ਵਿਚ ਐਂਟੀ ਡਰਗ ਫੈਡਰੇਸਨ ਦੇ ਸੀਨੀਅਰ ਵਾਇਸ ਪ੍ਰਧਾਨ ਪੰਜਾਬ ਗੁਰਿੰਦਰ ਸਿੰਘ ਤੂਰ, ਸਬ ਡਵਿਜਨ ਸਾਂਝ ਕੇਂਦਰ ਇੰਚਾਰਜ ਥਾਣੇਦਾਰ ਗੁਰਦੇਵ ਸਿੰਘ , ਹੌਲਦਾਰ ਸੰਦੀਪ ਸਿੰਘ ਅਤੇ ਹੌਲਦਾਰ ਭਵਨਦੀਪ ਸਿੰਘ ਨੇ ਹਾਜਰ ਆਏ ਵਿਅਕਤੀਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਨਸ਼ੇ ਕਰਨ ਦਾ ਆਦੀ ਮਨੁੱਖ ਜਿੱਥੇ ਆਰਥਿਕ ਤੌਰ ਤੇ ਕਮਜ਼ੋਰ ਹੋ ਜਾਂਦਾ ਹੈ, ਉੱਥੇ ਸਮਾਜਿਕ ਤੌਰ ਤੋ ਹੀਣ ਭਾਵਨਾ ਦਾ ਸ਼ਿਕਾਰ ਹੋ ਕੇ ਮਾਨਸਿਕ ਗੁਲਾਮੀ ਵਿੱਚ ਜਕੜਿਆ ਜਾਂਦਾ ਹੈ ਤੇ ਸਰੀਰਕ ਤੌਰ ਤੇ ਕਮਜ਼ੋਰ ਹੋ ਜਾਂਦਾ ਹੈ। ਉਨਾਂ ਦਸਿਆ ਕਿ ਨਸ਼ਾ ਕਰਨ ਵਾਲੇ ਵਿਅਕਤੀ ਨੇ ਦੇਸ਼ ਕੰਮ ਬਾਰੇ ਤਾਂ ਉਸਾਰੂ ਸੋਚ ਕੀ ਰੱਖਣੀ ਹੁੰਦੀ ਹੈ, ਉਹ ਆਪਣੇ ਬਾਰੇ ਅਤੇ ਆਪਣੇ ਪਰਿਵਾਰ ਬਾਰੇ ਵੀ ਨਹੀ ਸੋਚ ਸੱਕਦਾ ਅਤੇ ਜੋ ਨਸ਼ੇ ਕਰਨ ਦਾ ਆਦੀ ਹੈ। ਜੋ ਨਸ਼ਾ ਕਰਨ ਦੇ ਆਦੀ ਹੋ ਚੁੱਕੇ ਹਨ ਉਹ ਸਰਕਾਰੀ ਹਸਪਤਾਲ ਵਿਚ ਮੁਫਤ ਇਲਾਜ ਕਰਾਉਣ ਸਬੰਧੀ ਜਾਗਰੁੱਕ ਕੀਤਾ ਅਤੇ ਐਂਟੀ ਡਰਗ ਫੈਡਰੇਸਨ ਦੇ ਮੁਫਤ ਇਲਾਜ ਕਰਾਉਣ ਸਬੰਧੀ ਫੋਨ ਨੰਬਰ ਦਿੱਤਾ ਗਿਆ।

# ਪੰਜਾਬੀ ਲੋਕ ਨਾਚਾ ਦੀ ਵਰਕਸ਼ਾਪ ਡਲਹੌਜ਼ੀ ਹਿਮਾਚਲ ਪ੍ਰਦੇਸ਼ ਦੇ ਨਚਾਏ ਪ੍ਰਸ਼ਾਸਨਕ ਅਧਿਕਾਰੀ ਵੱਖਰੀ ਪਹਿਚਾਣ ਬਣਾ ਗਿਆ ਨਾਚ ਡੰਡਾਸ

## ਹਿਮਾਚਲ ਪ੍ਰਦੇਸ਼ ਦੀਆਂ ਹਰੀ ਭਰੀਆਂ ਵਾਦੀਆਂ ਵਿੱਚ ਪੰਜਾਬੀ ਲੋਕ ਨਾਚਾਂ ਦੀ ਬਰਸਾਤ ਕੀਤੀ ਗਈ- ਜੈਕਬ ਤੇਜਾ




ਗੁਰਦਾਸਪੁਰ–ਨਵਨੀਤ ਕੁਮਾਰ –

ਪਿੱਛਲੇ ਕਾਫ਼ੀ ਸਮੇ ਤੋਂ ਲੋਕ ਨਾਚਾਂ ਦੀ ਸੇਵਾ ਸੇਵਾ ਨਿਭਾ ਰਹੇ ਅਤੇ ਪੰਜਾਬੀ ਸੱਭਿਆਚਾਰ ਨੂੰ ਨਵੀਆਂ ਬੁਲੰਦੀਆਂ ਤੇ ਪਹੁੰਚਾ ਰਹੇ ਲੋਕ ਸੱਭਿਆਚਾਰਕ ਪਿੜ (ਰਜਿ.) ਗੁਰਦਾਸਪੁਰ ਦੇ ਪ੍ਰਧਾਨ ਤੇ ਭੰਗੜਾ ਕੋਚ ਜੈਕਬ ਮਸੀਹ ਤੇਜਾ ਵੱਲੋਂ ਇਕ ਵਾਰ ਫਿਰ ਪੰਜਾਬੀ ਲੋਕ ਨਾਚਾਂ ਦੀ ਧਮਾਲ ਹਿਮਾਚਲ ਪ੍ਰਦੇਸ਼ ਦੇ ਖੁਬਸੂਰਤ ਵਾਦੀਆ ਚ ਘਿਰੇ ਸਹਿਰ ਡਲਹੌਜ਼ੀ ਵਿੱਚ ਕੈਂਪ ਲਗਾ ਕੇ ਪਾਈਆਂ ਗਈਆਂ।ਪੰਜਾਬ ਦੇ ਵੱਖ-ਵੱਖ ਇੰਸਟੀਚਿਊਟ ਦੇ 16 ਗੱਭਰੂਆਂ ਨੇ ਇਸ ਛੇ ਦਿਨਾਂ ਪੰਜਾਬੀ ਲੋਕ ਨਾਚਾਂ ਦੀ ਵਰਕਸ਼ਾਪ ਵਿੱਚ ਭਾਗ ਲਿਆ। ਪੰਜਾਬ ਵੱਖ-ਵੱਖ ਲੋਕ ਨਾਚਾਂ ਵਿੱਚ ਝੂਮਰ,ਡੰਡਾਸ, ਭੰਗੜਾ ਦੀ ਸਿਖਲਾਈ ਦਿੱਤੀ ਗਈ। ਲੋਕ ਨਾਚਾਂ ਕੈਂਪ ਦੀ ਸਮਾਪਤੀ ਸਮਾਰੋਹ ਮੌਕੇ ਤੇ ਮੁੱਖ ਮਹਿਮਾਨ ਡਲਹੌਜ਼ੀ ਦੇ ਐਸ.ਡੀ.ਐਮ ਸ੍ਰੀ ਅਨਿਲ ਭਾਰਦਵਾਜ਼ ਪਹੁੰਚੇ। ਲੋਕ ਨਾਚ ਦੀਆਂ ਵੱਖ-ਵੱਖ ਵੰਨਗੀਆਂ ਜਿਵੇਂ ਕਿ ਝੂਮਰ, ਡੰਡਾਸ ਅਤੇ ਭੰਗੜਾ ਦੇਖ ਕੇ ਬਹੁਤ ਹੀ ਖੁਸ਼ ਹੋਏ।ਪੰਜਾਬੋ ਗਈ 16 ਮੈਂਬਰੀ ਟੀਮ ਦੇ ਨਾਲ ਉਹਨਾਂ ਵੀ ਭੰਗੜਾ ਪਾਇਆ। ਆਪਣੇ ਭਾਸ਼ਣ ਵਿੱਚ ਬੋਲਦੇ ਹੋਏ ਐਸ.ਡੀ.ਐਮ ਸ੍ਰੀ ਅਨਿਲ ਭਾਰਦਵਾਜ਼ ਨੇ ਬੋਲਦਿਆ ਆਖਿਆ ਕਿ ਲੋਕ ਸੱਭਿਆਚਾਰਕ ਪਿੜ ਦਾ ਇਹ ਉਪਰਾਲਾ ਬਹੁਤ ਹੀ ਸਲਾਘਾਣਯੋਗ ਹੈ।ਵਰਕਸ਼ਾਪ ਲਾਉਣ ਨਾਲ ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਦੇ ਸੱਭਿਆਚਾਰ ਦਾ ਇਕ ਦੂਜੇ ਨੂੰ ਸਮਝਣ ਦਾ ਮੌਕਾ ਮਿਲੇਗਾ।ਇਸ ਕੈਂਪ ਦੇ ਇੰਚਾਰਜ ਭੰਗੜਾ ਕੋਚ ਜੈਕਬ ਮਸੀਹ ਤੇਜਾ ਲੋਕ ਸਭਾ ਦੇ ਪਿੜ ਦੀ ਕੋਸ਼ਿਸ਼ ਹੈ ਕਿ ਆਪਣੇ ਲੋਕ ਨਾਚਾਂ ਨੂੰ ਹਰ ਸਟੇਟ ਦੇ ਲੋਕਾਂ ਨਾਲ ਸਾਂਝਾ ਕੀਤਾ ਜਾਵੇ। ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ ਤੇ ਆਏ ਸ੍ਰੀ ਹਰੀਸ਼ ਮਹਾਜਨ ਸ਼ੇਰੇ ਪੰਜਾਬ ਹੋਟਲ ਦੇ ਮਾਲਕ ਉਹਨਾਂ ਨਾਲ ਸ੍ਰੀ ਦਵਿੰਦਰ ਸ਼ਰਮਾ ਮੈਨੇਜਰ ਗੌਰਮੈਂਟ ਯੂਥ ਹੋਸਟਲ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਗੁਰਦਾਸਪੁਰ ਦੇ ਵੱਖ-ਵੱਖ ਸਕੂਲਾਂ ਦੇ ਬੱਚੇ ਜਿਨਾਂ ਵਿੱਚ ਕਾਨਵ ਅਨੰਦ, ਸਿਮਰਨਜੀਤ ਸਿੰਘ, ਕਰਨਬੀਰ ਸਿੰਘ ਲਿਟਲ ਫਲਾਵਰ ਕਾਨਵੈਂਟ ਸਕੂਲ ਗੁਰਦਾਸਪੁਰ,ਏਕਮਦੀਪ, ਮਨਦੀਪ ਸਿੰਘ,ਜਸਨੂਰ ਸਿੰਘ,ਨਵਰਾਜ ਸਿੰਘ, ਸਨੋਵਰ ਕਿਡਜ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਗੁਰਦਾਸਪੁਰ, ਹਨੂਰ ਸ਼ਰਮਾ ਪ੍ਰਤਾਪ ਵਰਲਡ ਸੀਨੀਅਰ ਸੈਕੈਂਡਰੀ ਸਕੂਲ ਪਠਾਨਕੋਟ, ਮਨਮੀਤ ਸਿੰਘ, ਨਿਤਨ ਸਿੰਘ ਜੰਜੂਆ ਬੇਅੰਤ ਇੰਜੀਨੀਅਰ ਕਾਲਜ ਗੁਰਦਾਸਪੁਰ, ਗੁਰਸ਼ਾਤ ਸਿੰਘ, ਕਾਰਤਿਕ ਸ਼ਰਮਾ ਹੈਪੀ ਸੀਨੀਅਰ ਸੈਕੰਡਰੀ ਸਕੂਲ ਗੁਰਦਾਸਪੁਰ ਇਨਾ ਸਾਰਿਆਂ ਨਾਲ ਢੋਲ ਤੇ ਸਾਥ ਛੋਟੀ ਉਮਰ ਦਾ ਪ੍ਰਸਿੱਧ ਢੋਲ ਮਾਸਟਰ ਰਾਜਨ ਧਾਲੀਵਾਲ ਨਿਭਾਈ।ਇਸ ਛੇ ਦਿਨਾਂ ਵਰਕਸ਼ਾਪ ਦੌਰਾਨ ਸਟੇਜ ਸੈਕਟਰੀ ਦੀ ਭੂਮਿਕਾ ਰਾਮ ਸਿੰਘ ਸੁਰ ਸਾਗਰ ਸੰਗੀਤ ਸੰਦਨ ਹਿਮਾਚਲ ਪ੍ਰਦੇਸ਼ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ।ਸਿਖਿਆਰਥੀ ਨੂੰ ਟਰਾਫੀਆਂ ਤੇ ਸਾਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਭੰਗੜਾ ਕੋਚ ਜੈਕਬ ਤੇਜਾ ਨੇ ਮੁੱਖ ਪ੍ਰਾਹੁਣੇ ਦਾ ਕੈਂਪ ਵਿਚ ਪੁੱਜਣ ਤੇ ਧੰਨਵਾਦ ਕੀਤਾ। ਆਖਰ ਵਿੱਚ ਸਾਰਿਆਂ ਨੇ ਰਲ ਕੇ ਗਰਾਊਂਡ ਵਿੱਚ ਭੰਗੜਾ ਪਾਇਆ।

# ਕਿਸਾਨ ਯੂਨੀਅਨ ਨੇ ਲਾਡੋਵਾਲ ਟੋਲ ਪਲਾਜਾ ਕੀਤਾ ਬੰਦ

ਲੁਧਿਆਣਾ (ਸੁਖਚੈਨ ਮਹਿਰਾ)ਧਰਨੇ ਦੇ ਪੰਦਰਵੇ ਦਿਨ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਦਿਲਬਾਗ ਸਿੰਘ ਗਿੱਲ ਤੇ ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਜ਼ੋਨ ਪ੍ਰਧਾਨ ਇੰਦਰਵੀਰ ਸਿੰਘ ਕਾਦੀਆ ਨੇ ਮਿਲਕੇ ਲਾਡੋਵਾਲ ਟੋਲ ਪਲਾਜ਼ਾ ਦੇ ਕੈਬਿਨਾ ਨੂ ਤਾਲੇ ਦੇ ਰੂਪ ਵਿਚ ਪੱਲੀਆ ਨਾਲ ਢੱਕ ਦਿਤਾ,ਤੇ ਛਤ ਉਤੇ ਅਪਨੀ ਅਪਨੀ ਯੂਨੀਅਨ ਦੇ ਝੰਡੇ ਲਗਾ ਦਿਤੇ,ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਦਿਲਬਾਗ ਸਿੰਘ ਗਿੱਲ ਨੇ ਲਾਡੋਵਾਲ ਟੋਲ ਪਲਾਜ਼ਾ ਦੇ ਕਰਿੰਦਿਆ ਨੂ ਚੇਤਾਵਨੀ ਦਿੱਤੀ ਕੀ ਜੇਕਰ ਕਿਸੇ ਨੇ ਵੀ ਪੱਲੀਆ ਨਾਲ ਕੋਇ ਛੇੜਖਾਨੀ ਕਿਤੀ ਤਾ ਟੋਲ ਪਲਾਜ਼ਾ ਦੇ ਦਫ਼ਤਰ ਨੂ ਤਾਲਾ ਲਗਾ ਦਿਤਾ ਜਾਉਗਾ,ਅੱਜ ਦੇ ਧਰਨੇ ਵਿਚ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦੇ ਓਹਦੇਦਾਰ ਸੂਬਾ ਸੀਨੀਅਰ ਮੀਤ ਪ੍ਰਧਾਨ ਸ ਅਮਰੀਕ ਸਿੰਘ ਸੀਕਰੀ,ਸੂਬਾ ਜਨਰਲ ਸਕੱਤਰ ਮਨਜੀਤ ਸਿੰਘ ਅਰੋੜਾ,ਸੂਬਾ ਮੀਤ ਪ੍ਰਧਾਨ ਅਮਰਜੀਤ ਸਿੰਘ ਭੱਟੀ,ਕਿਸਾਨ ਆਗੁ ਸੁਖਦੇਵ ਸਿੰਘ ਮੰਗਲੀ,ਸੂਬਾ ਮੀਤ ਪ੍ਰਧਾਨ ਫਤਿਹ ਚੰਦ ਖੋਸਲਾ,ਸੂਬਾ ਮੀਤ ਪ੍ਰਧਾਨ ਹਰਮੋਹਨ ਸਿੰਘ ਗੁੱਡੂ,ਸੂਬਾ ਸਕੱਤਰ ਬਲਕਾਰ ਸਿੰਘ ਬੈਂਸ,ਤੇਜਿੰਦਰ ਸਿੰਘ ਲੀਲਾ ਸਰਪੰਚ ਅਤੇ ਬੀ.ਕੇ.ਐਮ.ਯੂ.ਮੈਂਬਰ,ਕਿਸਾਨ ਆਗੁ ਮੰਗਤ ਸਿੰਘ,ਜ਼ਿਲ੍ਹਾ ਮਹਿਲਾ ਪ੍ਰਧਾਨ ਸੁਰਿੰਦਰ ਕੌਰ,ਬੀ.ਕੇ.ਐਮ. ਯੂ.ਮੈਂਬਰ ਸੁਰਿੰਦਰ ਕੁਮਾਰ ਧਵਨ,ਜਸਵੰਤ ਸਿੰਘ ਭੱਟੀ,ਤ੍ਰਿਲੋਕ ਸਿੰਘ,ਮਨੋਜ ਕੁਮਾਰ ਮੌਜੀ, ਇੰਦਰਪਾਲ,ਬਖਸ਼ੀਸ਼ ਸਿੰਘ,ਅੰਗਰੇਜ ਸਿੰਘ,ਹਰਪ੍ਰੀਤ ਸਿੰਘ ਹੈਪੀ ਰਜੀਵ ਕੁਮਾਰ, ਰਾਧੇ ਸ਼ਰਮਾ, ਗੁਰਪ੍ਰੀਤ ਸਿੰਘ,ਤਰਨਜੀਤ ਸਿੰਘ ਬਾਵਾ,ਰੰਮੀ ਮੂਮ,ਕਰਮਜੀਤ ਕੌਰ,ਨੀਤੂ,ਅਤੇ ਬੀ.ਕੇ.ਐਮ.ਯੂ.ਦੇ ਮੀਡੀਆ ਸਲਾਹਕਾਰ ਐੱਸ.ਕੇ.ਖੰਨਾ , ਮਨਦੀਪ ਸਿੰਘ ਮੱਕੜ , ਐਸ ਐਸ ਮਹਿਰਾ, ਅਤੇ ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਆਹਦੇਦਾਰ ਅਤੇ ਮੈਂਬਰ ਸ਼ਾਮਲ ਸਨ





# ਕੇਂਦਰੀ ਮੰਤਰੀ ਰਵਨੀਤ ਬਿੱਟੂ ਨੇ ਇੰਡੀਆ ਟੀਮ ਨੂੰ ਜਿੱਤ ਦੀ ਦਿੱਤੀ ਵਧਾਈ



ਲੁਧਿਆਣਾ ( ਲੋਕ ਬਾਣੀ ) ਅੱਜ ਭਾਰਤੀ ਜਨਤਾ ਪਾਰਟੀ ਦੇ ਫ਼ੂਡ ਪ੍ਰੋਸੈਸਿੰਗ ਅਤੇ ਰੇਲਵੇ ਮੰਤਰੀ ਰਵਨੀਤ ਬਿੱਟੂ ਨੇ ਭਾਰਤੀ ਕ੍ਰਿਕਟ ਟੀਮ ਅਤੇ ਪੂਰੇ ਭਾਰਤ ਵਾਸੀਆਂ ਨੂੰ ਜਿੱਤ ਦੀਆਂ ਦਿੱਤੀਆਂ ਵਧਾਈਆਂ ਜ਼ਿਕਰਯੋਗ ਹੈ ਕਿ ਕੱਲ੍ਹ ਰਾਤੀਂ ਭਾਰਤੀ ਕ੍ਰਿਕਟ ਟੀਮ ਨੇ ਸਾਊਥ ਅਫਰੀਕਾ ਕ੍ਰਿਕਟ ਟੀਮ ਨੂੰ ਫਾਈਨਲ ਮੈਚ ਵਿਚ ਸੱਤ ਦੌੜਾਂ ਨਾਲ ਹਰਾ ਕੇ ਟੀ ਟਵੰਟੀ ਕੱਪ ਜਿੱਤਿਆ ਭਾਰਤੀ ਕ੍ਰਿਕਟ ਟੀਮ ਨੇ ਇਹ ਖਿਤਾਬ ਸਤਾਰਾਂ ਸਾਲ ਬਾਅਦ ਫਾਈਨਲ ਵਿੱਚ ਦੱਖਣੀ ਅਫਰੀਕਾ ਨੂੰ ਹਰਾ ਕੇ ਜਿੱਤਿਆ ਜਿੱਤ ਦੀ ਖੁਸ਼ੀ ਮਨਾਉਂਦਿਆਂ ਕੇਂਦਰੀ ਮੰਤਰੀ ਰਵਨੀਤ ਬਿੱਟੂ ਨੇ ਕਿਹਾ ਕਿ ਜੋਂ ਕ੍ਰਿਕਟ ਹੈ ਉਹ ਭਾਰਤ ਦੇਸ਼ ਲਈ ਇਕ ਤਿਉਹਾਰ ਹੈ ਕੱਲ ਉਹ ਤਿਉਹਾਰ ਦਾ ਦਿਨ ਸੀ ਜਦੋਂ ਭਾਰਤ ਨੇ ਫਾਈਨਲ ਮੈਚ ਜਿੱਤਿਆ ਉਹਨਾਂ ਕਿਹਾ ਕਿ ਇਸ ਵਿੱਚ ਵਿਸ਼ੇਸ਼ ਹੈ ਕਿ ਇਸ ਵਾਰ ਵਰਲਡ ਕੱਪ ਵਿੱਚ ਇੰਡੀਆ ਟੀਮ ਨੇ ਇੱਕ ਵੀ ਮੈਚ ਹਾਰਿਆ ਨਹੀ ਸਾਰੇ ਮੈਚ ਜਿੱਤ ਕੇ ਇਹ ਵਰਲਡ ਕੱਪ ਜਿੱਤਿਆ ਹੈ ਉਹਨਾਂ ਕਿਹਾ ਕਿ ਮੈਂ ਅਪਣੀ ਤਰਫੋਂ ਇੱਕ ਸੌ ਚਾਲੀ ਕਰੋੜ ਦੇਸ਼ ਵਾਸੀਆਂ ਨੂੰ ਵਧਾਈ ਦਿੰਦਾ ਹਾਂ ਉਹਨਾਂ ਕਿਹਾ ਕਿ ਕੱਲ੍ਹ ਜਦੋਂ ਮੈਚ ਜਿੱਤਿਆ ਤਾਂ ਉਸ ਸਮੇਂ ਹਰ ਸ਼ਹਿਰ ਚ ਦੀਵਾਲੀ ਮਨਾਈ ਜਾ ਰਹੀ ਸੀ ਉਸ ਸਮੇਂ ਮੈਂ ਲੁਧਿਆਣਾ ਚ ਸੀ ਏਨੇ ਜ਼ਿਆਦਾ ਰਾਤ ਨੂੰ ਪਟਾਕੇ ਚੱਲੇ ਮਿਠਿਆਈਆਂ ਵੰਡੀਆਂ ਗਈਆਂ ਉਹ ਮੈਂ ਇੱਕ ਰਿਕਾਰਡ ਤੋੜ ਦ੍ਰਿਸ ਦੇਖਿਆ ਇਸ ਲਈ ਸਾਰੀ ਟੀਮ ਅਤੇ ਭਾਰਤ ਵਾਸੀ ਵਧਾਈ ਦੇ ਹੱਕਦਾਰ ਹਨ।

# ਰੱਖਿਆ ਮੰਤਰੀ ਰਾਜਨਾਥ ਸਿੰਘ ਤੇ ਖੜਗੇ ਨੇ ਪੰਜ ਜਵਾਨਾਂ ਦੇ ਬਲੀਦਾਨ ਤੇ ਜਤਾਇਆ ਦੁੱਖ, ਬੋਲੇ- ਬਹਾਦਰ ਜਵਾਨਾਂ ਦੀ ਜਾਨ ਜਾਣ ਦੀ ਖ਼ਬਰ ਸੁਣਕੇ ਦਿਲ ਦੁਖੀ ਹੈ



ਲੱਦਾਖ (ਜੰਮੂ) ( ਲੋਕ ਬਾਣੀ ) : ਸ਼ੁੱਕਰਵਾਰ ਨੂੰ ਲੱਦਾਖ ਚ ਨਦੀ ਪਾਰ ਕਰਦੇ ਸਮੇਂ ਹੜ੍ਹ ਚ ਇਕ ਟੈਂਕ ਵਹਿ ਗਿਆ। ਇਸ ਹਾਦਸੇ ਵਿੱਚ ਭਾਰਤੀ ਫੌਜ ਦੇ ਪੰਜ ਜਵਾਨਾਂ ਦੀ ਮੌਤ ਹੋ ਗਈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਸ ਹਾਦਸੇ ਤੇ ਦੁੱਖ ਪ੍ਰਗਟ ਕੀਤਾ ਹੈ।ਹਾਦਸੇ ਤੇ ਰੱਖਿਆ ਮੰਤਰੀ ਨੇ ਦਿੱਤੀ ਪ੍ਰਤੀਕਿਰਿਆ

ਰਾਜਨਾਥ ਸਿੰਘ ਨੇ ਐਕਸ ਤੇ ਇਕ ਪੋਸਟ ਚ ਕਿਹਾ ਕਿ ਲੱਦਾਖ ਚ ਨਦੀ ਪਾਰ ਕਰਦੇ ਸਮੇਂ ਹੋਏ ਮੰਦਭਾਗੇ ਹਾਦਸੇ ਚ ਸਾਡੇ 5 ਬਹਾਦਰ ਭਾਰਤੀ ਫੌਜ ਦੇ ਜਵਾਨਾਂ ਦੇ ਮਾਰੇ ਜਾਣ ਤੇ ਉਨ੍ਹਾਂ ਨੂੰ ਬਹੁਤ ਦੁੱਖ ਹੈ। ਅਸੀਂ ਦੇਸ਼ ਲਈ ਸਾਡੇ ਬਹਾਦਰ ਸੈਨਿਕਾਂ ਦੀ ਮਿਸਾਲੀ ਸੇਵਾ ਨੂੰ ਕਦੇ ਨਹੀਂ ਭੁੱਲਾਂਗੇ। ਦੁਖੀ ਪਰਿਵਾਰਾਂ ਪ੍ਰਤੀ ਮੇਰੀ ਦਿਲੀ ਹਮਦਰਦੀ ਹੈ। ਇਸ ਦੁੱਖ ਦੀ ਘੜੀ ਵਿੱਚ ਕੌਮ ਉਨ੍ਹਾਂ ਨਾਲ ਖੜੀ ਹੈ।

ਕਾਂਗਰਸ ਪ੍ਰਧਾਨ ਖੜਗੇ ਨੇ ਸ਼ੋਕ ਪ੍ਰਗਟ ਕੀਤਾ

ਇਸ ਦੌਰਾਨ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਉਹ ਹਾਦਸੇ ਅਤੇ ਜਾਨ-ਮਾਲ ਦੇ ਨੁਕਸਾਨ ਦੀ ਖ਼ਬਰ ਤੋਂ ਬਹੁਤ ਦੁਖੀ ਹਨ। ਉਸਨੇ ਇੰਸਟਾਗ੍ਰਾਮ ਤੇ ਪੋਸਟ ਕੀਤਾ ਕਿ ਉਹ ਲੱਦਾਖ ਵਿੱਚ ਨਦੀ ਪਾਰ ਕਰਦੇ ਸਮੇਂ ਇੱਕ ਜੇਸੀਓ ਸਮੇਤ ਭਾਰਤੀ ਫੌਜ ਦੇ 5 ਬਹਾਦਰ ਜਵਾਨਾਂ ਦੀ ਜਾਨ ਜਾਣ ਤੋਂ ਬਹੁਤ ਦੁਖੀ ਹੈ। ਇਸ ਦਰਦਨਾਕ ਤ੍ਰਾਸਦੀ ਦਾ ਸ਼ਿਕਾਰ ਹੋਏ ਫੌਜੀ ਜਵਾਨਾਂ ਦੇ ਪਰਿਵਾਰਾਂ ਨਾਲ ਸਾਡੀ ਦਿਲੀ ਹਮਦਰਦੀ ਹੈ। ਦੁੱਖ ਦੀ ਇਸ ਘੜੀ ਵਿੱਚ, ਪੂਰਾ ਦੇਸ਼ ਸਾਡੇ ਬਹਾਦਰ ਸੈਨਿਕਾਂ ਦੀ ਮਿਸਾਲੀ ਸੇਵਾ ਨੂੰ ਸਲਾਮ ਕਰਨ ਲਈ ਖੜ੍ਹਾ ਹੈ।

ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਵੀ ਦੁੱਖ ਪ੍ਰਗਟਾਇਆ

ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ ਵੀ ਇਸ ਘਟਨਾ ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਟਵਿੱਟਰ ਤੇ ਪੋਸਟ ਕੀਤਾ ਕਿ ਇਹ ਜਾਣ ਕੇ ਬਹੁਤ ਦੁੱਖ ਹੋਇਆ ਹੈ ਕਿ ਲੱਦਾਖ ਦੇ ਨਯੋਮਾ-ਚਸੁਲ ਖੇਤਰ ਚ ਅਸਲ ਕੰਟਰੋਲ ਰੇਖਾ ਨੇੜੇ ਹੜ੍ਹਾਂ ਚ ਪੰਜ ਸੈਨਿਕਾਂ ਸਮੇਤ ਇਕ ਟੀ-72 ਟੈਂਕ ਵਹਿ ਗਿਆ। ਸਾਡੇ ਬਹਾਦਰ ਸੈਨਿਕਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਲਈ ਪ੍ਰਾਰਥਨਾ ਕਰੋ।

ਪੰਜ ਸਿਪਾਹੀ ਹੋਏ ਸ਼ਹੀਦ

ਸ਼ੁੱਕਰਵਾਰ ਸ਼ਾਮ ਲੱਦਾਖ ਦੇ ਦੌਲਤ ਬੇਗ ਓਲਡੀ ਇਲਾਕੇ ਚ ਫ਼ੌਜ ਦਾ ਟੈਂਕ ਹਾਦਸੇ ਦਾ ਸ਼ਿਕਾਰ ਹੋ ਗਿਆ, ਜਿਸ ਚ ਇਕ ਜੂਨੀਅਰ ਕਮਿਸ਼ਨਡ ਅਫਸਰ ਅਤੇ ਚਾਰ ਸੈਨਿਕਾਂ ਸਮੇਤ ਪੰਜ ਭਾਰਤੀ ਫ਼ੌਜ ਦੇ ਜਵਾਨਾਂ ਦੀ ਮੌਤ ਹੋ ਗਈ। ਰੱਖਿਆ ਅਧਿਕਾਰੀਆਂ ਨੇ ਸ਼ਨੀਵਾਰ ਨੂੰ ਦੱਸਿਆ ਕਿ ਸਾਰੀਆਂ ਪੰਜ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਟੀ-72 ਟੈਂਕ ਜਿਸ ਨੂੰ ਫੌਜ ਦੇ ਜਵਾਨ ਚਲਾ ਰਹੇ ਸਨ, ਨਦੀ ਪਾਰ ਕਰਨ ਦੇ ਅਭਿਆਸ ਦੌਰਾਨ ਹਾਦਸਾਗ੍ਰਸਤ ਹੋ ਗਿਆ।

ਅਚਾਨਕ ਪਾਣੀ ਵਧਣ ਕਾਰਨ ਵਾਪਰਿਆ ਹਾਦਸਾ

ਰੱਖਿਆ ਅਧਿਕਾਰੀਆਂ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਪਾਣੀ ਦਾ ਪੱਧਰ ਅਚਾਨਕ ਵਧਣ ਕਾਰਨ ਇਹ ਹਾਦਸਾ ਵਾਪਰਿਆ। ਰੱਖਿਆ ਅਧਿਕਾਰੀਆਂ ਨੇ ਸ਼ੁਰੂਆਤੀ ਪੁਸ਼ਟੀ ਕਰਦਿਆਂ ਕਿਹਾ ਕਿ ਘਟਨਾ ਦੇ ਸਮੇਂ ਟੈਂਕ ਵਿੱਚ ਪੰਜ ਸੈਨਿਕ ਸਨ, ਜਿਨ੍ਹਾਂ ਵਿੱਚ ਇੱਕ ਜੂਨੀਅਰ ਕਮਿਸ਼ਨਡ ਅਧਿਕਾਰੀ ਅਤੇ ਚਾਰ ਸੈਨਿਕ ਸ਼ਾਮਲ ਸਨ।

# ਕੇਂਦਰੀ ਯੁਵਾ ਮਾਮਲੇ ਅਤੇ ਖੇਡ ਮੰਤਰੀ ਨੇ ਐੱਨਆਈਐੱਸ ਪਟਿਆਲਾ ਦਾ ਦੌਰਾ ਕੀਤਾ ਅਤੇ ਪੈਰਿਸ ਓਲੰਪਿਕਸ ਜਾਣ ਵਾਲੇ ਖਿਡਾਰੀਆਂ ਨੂੰ ਉਤਸ਼ਾਹਿਤ ਕੀਤਾ



ਪਟਿਆਲਾ ( ਲੋਕ ਬਾਣੀ ) ਕੇਂਦਰੀ ਯੁਵਾ ਮਾਮਲੇ ਤੇ ਖੇਡਾਂ ਅਤੇ ਕਿਰਤ ਤੇ ਰੋਜ਼ਗਾਰ ਮੰਤਰੀ ਡਾ. ਮਨਸੁਖ ਮਾਂਡਵੀਆ ਨੇ ਅੱਜ ਨੇਤਾਜੀ ਸੁਭਾਸ਼ ਨੈਸ਼ਨਲ ਇੰਸਟੀਟਿਊਟ ਆਵ ਸਪੋਰਟਸ ਦਾ ਦੌਰਾ ਕੀਤਾ ਅਤੇ ਓਲੰਪਿਕਸ ਵਿੱਚ ਜਾਣ ਵਾਲੀ ਅਥਲੀਟ ਵੇਟਲਿਫਟਰ ਮੀਰਾਬਾਈ ਚਾਨੂ, ਜੈਵਲਿਨ ਥਰੋਅਰ ਅਨੂ ਰਾਣੀ ਅਤੇ ਸ਼ੌਟ ਪੁਟਰ ਆਭਾ ਖਟੂਆ ਨਾਲ ਮੁਲਾਕਾਤ ਕੀਤੀ ਅਤੇ ਨਵੇਂ ਬੁਨਿਆਦੀ ਢਾਂਚੇ ਦਾ ਮੁਆਇਨਾ ਕੀਤਾ।

ਡਾ. ਮਾਂਡਵੀਆ ਨੇ ਕਿਹਾ ਮੀਰਾਬਾਈ, ਅੰਨੂ ਰਾਣੀ ਅਤੇ ਆਭਾ ਨਾਲ ਮੇਰੀ ਗੱਲਬਾਤ ਨੇ ਮੈਨੂੰ ਯਕੀਨ ਦਿਵਾਇਆ ਹੈ ਕਿ ਸਾਡੇ ਅਥਲੀਟਾਂ ਨੂੰ ਪੈਰਿਸ 2024 ਓਲੰਪਿਕ ਖੇਡਾਂ ਦੀ ਤਿਆਰੀ ਵਿੱਚ ਸਭ ਤੋਂ ਵਧੀਆ ਸਹਿਯੋਗ ਮਿਲਿਆ ਹੈ।'

ਮੀਰਾਬਾਈ ਚਾਨੂ ਨੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਤੋਂ ਵਿਸ਼ੇਸ਼ ਤੌਰ ਤੇ ਸੰਯੁਕਤ ਰਾਜ ਅਮਰੀਕਾ ਦੇ ਸੇਂਟ ਲੁਈਸ ਤੋਂ ਵਿਸ਼ਵ ਪ੍ਰਸਿੱਧ ਖੇਡ ਵਿਗਿਆਨੀ ਡਾ. ਐਰੋਨ ਹਾਰਸਚਿਗ ਦੀਆਂ ਸੇਵਾਵਾਂ ਪ੍ਰਾਪਤ ਕਰਨ ਲਈ ਮਿਲੇ ਭਰਪੂਰ ਸਹਿਯੋਗ ਤੇ ਚਾਨਣਾ ਪਾਇਆ, ਜਦੋਂ ਕਿ ਅੰਨੂ ਰਾਣੀ ਨੇ ਯੂਰਪੀਅਨ ਬੇਸਾਂ ਤੇ ਲੰਬੇ ਸਮੇਂ ਦੀ ਸਿਖਲਾਈ ਪ੍ਰਾਪਤ ਕਰਨ ਬਾਰੇ ਖੁਸ਼ੀ ਨਾਲ ਗੱਲ ਕੀਤੀ।

ਡਾ. ਮਾਂਡਵੀਆ ਨੇ ਨੈਸ਼ਨਲ ਸੈਂਟਰ ਆਵ ਐਕਸੀਲੈਂਸ ਵਿੱਚ ਨਾਮਜ਼ਦ ਹੋਰ ਅਥਲੀਟਾਂ ਅਤੇ ਇੱਥੋਂ ਦੇ ਕੁਝ ਪ੍ਰਮੁੱਖ ਕੋਚਾਂ ਨਾਲ ਵੀ ਗੱਲਬਾਤ ਕੀਤੀ। ਉਨ੍ਹਾਂ ਨੇ ਉਨ੍ਹਾਂ ਤੋਂ ਮੁਕਾਬਲੇ ਵਾਲੀਆਂ ਖੇਡਾਂ ਵਿੱਚੋਂ ਡਰਾਪ-ਆਊਟ ਦਰਾਂ ਨੂੰ ਘਟਾਉਣ ਬਾਰੇ ਸੁਝਾਅ ਮੰਗੇ। ਉਨ੍ਹਾਂ ਪੁੱਛਿਆ ਤੁਹਾਨੂੰ ਲੋੜੀਂਦਾ ਸਮਰਥਨ ਮਿਲ ਰਿਹਾ ਹੈ। ਹਾਲਾਂਕਿ, ਉਨ੍ਹਾਂ ਵਿੱਚੋਂ ਬਹੁਤ ਸਾਰੇ ਜਿਨ੍ਹਾਂ ਨੇ ਤੁਹਾਡੇ ਨਾਲ ਸ਼ੁਰੂਆਤ ਕੀਤੀ, ਪਰ ਮੈਡਲ ਨਹੀਂ ਜਿੱਤੇ, ਉਹ ਪਿੱਛੇ ਰਹਿ ਗਏ। ਅਸੀਂ ਉਨ੍ਹਾਂ ਲਈ ਕੀ ਕਰ ਸਕਦੇ ਹਾਂ ?

ਉਨ੍ਹਾਂ ਨੇ ਇਹ ਵੀ ਸਾਂਝਾ ਕੀਤਾ ਕਿ ਖੇਡਾਂ ਦੇ ਸਰਵਪੱਖੀ ਵਿਕਾਸ ਲਈ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਦੇ ਵਿਜ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ, ਸਰਕਾਰ ਜ਼ਮੀਨੀ ਪੱਧਰ ਦੀ ਪ੍ਰਤਿਭਾ ਦੀ ਪਛਾਣ ਅਤੇ ਪੋਸ਼ਣ ਨੂੰ ਉਤਸ਼ਾਹਿਤ ਕਰੇਗੀ। ਕੇਂਦਰੀ ਮੰਤਰੀ ਨੇ ਐੱਨਐੱਸਐੱਨਆਈਐੱਸ ਦੀ ਸਮੀਖਿਆ ਵੀ ਕੀਤੀ ਅਤੇ ਵਿਭਿੰਨ ਖੇਡ ਮੈਦਾਨਾਂ, ਖੇਡ ਵਿਗਿਆਨ ਸੁਵਿਧਾਵਾਂ ਅਤੇ ਨਵੀਆਂ ਬੁਨਿਆਦੀ ਢਾਂਚਾ ਪ੍ਰੋਜੈਕਟ ਸਾਈਟਾਂ ਦਾ ਦੌਰਾ ਕੀਤਾ। ਉਹ ਹਾਈ ਪਰਫੌਰਮੈਂਸ ਸੈਂਟਰ ਫਾਰ ਸਪੋਰਟਸ ਸਾਇੰਸ ਦੀ ਪ੍ਰਗਤੀ ਅਤੇ ਰਸੋਈ ਅਤੇ ਖਾਣੇ ਤੋਂ ਵੀ ਖੁਸ਼ ਸਨ।

ਡਾ. ਮਾਂਡਵੀਆ ਨੇ ਕਿਹਾ, ਮੈਂ ਭਾਰਤੀ ਖੇਡਾਂ ਦੇ ਪਰੰਪਰਾਗਤ ਘਰ ਐੱਨਆਈਐੱਸ ਵਿੱਚ ਆ ਕੇ ਬਹੁਤ ਖੁਸ਼ ਹਾਂ, ਇਹ ਨਾ ਸਿਰ.ਫ ਮਿਆਰੀ ਕੋਚ ਪੈਦਾ ਕਰਨ ਲਈ ਇੱਕ ਮਹੱਤਵਪੂਰਨ ਕੇਂਦਰ ਹੈ ਜੋ ਜ਼ਮੀਨੀ ਪੱਧਰ ਤੇ ਬਦਲਾਅ ਲਿਆ ਸਕਦੇ ਹਨ, ਬਲਕਿ ਇਸ ਵਿੱਚ ਕੁਝ ਵਧੀਆ ਟ੍ਰੇਨਿੰਗ ਸੁਵਿਧਾਵਾਂ ਵੀ ਹਨ। ਸਾਡੇ ਅਥਲੀਟਾਂ ਵਿੱਚੋਂ ਜਿਨ੍ਹਾਂ ਨੇ ਦੁਨੀਆ ਭਰ ਦੇ ਦੂਸਰੇ ਕੇਂਦਰਾਂ ਵਿੱਚ ਟ੍ਰੇਨਿੰਗ ਲਈ ਹੈ, ਮੰਨਦੇ ਹਨ ਕਿ ਐੱਨਆਈਐੱਸ ਦੀ ਤੁਲਨਾ ਸਰਵੋਤਮ ਨਾਲ ਕੀਤੀ ਜਾ ਸਕਦੀ ਹੈ।'

ਕੇਂਦਰੀ ਮੰਤਰੀ ਇਸ ਤੋਂ ਬਾਅਦ ਪੰਚਕੂਲਾ ਲਈ ਰਵਾਨਾ ਹੋਏ, ਜਿੱਥੇ ਉਨ੍ਹਾਂ ਨੇ ਤਾਊ ਦੇਵੀ ਲਾਲ ਸਟੇਡੀਅਮ ਵਿਖੇ ਰਾਸ਼ਟਰੀ ਅੰਤਰ-ਰਾਜੀ ਅਥਲੈਟਿਕਸ ਚੈਂਪੀਅਨਸ਼ਿਪ ਦੌਰਾਨ ਭਾਰਤੀ ਅਥਲੈਟਿਕਸ ਫੈਡਰੇਸ਼ਨ ਦੇ ਨਵੇਂ ਲੋਗੋ ਦਾ ਉਦਘਾਟਨ ਕਰਨਾ ਸੀ।

## ਵਿਦੇਸ਼ ਮੰਤਰੀ ਜੈਸ਼ੰਕਰ ਐਸ.ਸੀ.ਓ ਸੰਮੇਲਨ ਚ ਭਾਰਤ ਦੀ ਕਰਨਗੇ ਨੁਮਾਇੰਦਗੀ, ਮੈਂਬਰ ਦੇਸ਼ ਰੂਸ-ਯੂਕਰੇਨ ਜੰਗ ਸਮੇਤ ਕਈ ਮੁੱਦਿਆਂ ਤੇ ਕਰਨਗੇ ਚਰਚਾ



ਨਵੀਂ ਦਿੱਲੀ :( ਲੋਕ ਬਾਣੀ ) ਵਿਦੇਸ਼ ਮੰਤਰੀ ਐਸ ਜੈਸ਼ੰਕਰ ਕਜ਼ਾਕਿਸਤਾਨ ਦੇ ਅਸਤਾਨਾ ਵਿੱਚ ਹੋਣ ਵਾਲੇ ਸ਼ੰਘਾਈ ਸਹਿਯੋਗ ਸੰਗਠਨ (ਐਸਸੀਓ) ਦੇ ਸਾਲਾਨਾ ਸਿਖਰ ਸੰਮੇਲਨ ਵਿੱਚ ਭਾਰਤ ਦੀ ਨੁਮਾਇੰਦਗੀ ਕਰਨਗੇ। 3 ਅਤੇ 4 ਜੁਲਾਈ ਨੂੰ ਹੋਣ ਵਾਲੇ ਸਿਖਰ ਸੰਮੇਲਨ ਵਿਚ ਖੇਤਰੀ ਸੁਰੱਖਿਆ ਸਥਿਤੀ ਅਤੇ ਸੰਪਰਕ ਅਤੇ ਵਪਾਰ ਨੂੰ ਉਤਸ਼ਾਹਿਤ ਕਰਨ ਦੇ ਤਰੀਕਿਆਂ ਤੇ ਧਿਆਨ ਦੇਣ ਦੀ ਉਮੀਦ ਹੈ।

ਜੰਗ ਸਮੇਤ ਕਈ ਮੁੱਦਿਆਂ ਤੇ ਹੋਵੇਗੀ ਚਰਚਾ

ਇਸ ਦੌਰਾਨ ਅਫਗਾਨਿਸਤਾਨ ਦੀ ਸਥਿਤੀ, ਯੂਕਰੇਨ ਟਕਰਾਅ ਅਤੇ SCO ਮੈਂਬਰ ਦੇਸ਼ਾਂ ਦਰਮਿਆਨ ਸਮੁੱਚੇ ਸੁਰੱਖਿਆ ਸਹਿਯੋਗ ਨੂੰ ਉਤਸ਼ਾਹਿਤ ਕਰਨ ਤੇ ਵੀ ਚਰਚਾ ਹੋਣ ਦੀ ਉਮੀਦ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਇਹ ਜਾਣਕਾਰੀ ਦਿੱਤੀ ਹੈ।

ਸ਼ੰਘਾਈ ਸਹਿਯੋਗ ਸੰਗਠਨ ਵਿੱਚ ਭਾਰਤ, ਚੀਨ, ਰੂਸ, ਪਾਕਿਸਤਾਨ, ਕਜ਼ਾਕਿਸਤਾਨ, ਕਿਰਗਿਸਤਾਨ, ਤਜ਼ਾਕਿਸਤਾਨ ਅਤੇ ਉਜ਼ਬੇਕਿਸਤਾਨ ਸ਼ਾਮਲ ਹਨ। ਇਹ ਇੱਕ ਪ੍ਰਭਾਵਸ਼ਾਲੀ ਆਰਥਿਕ ਅਤੇ ਸੁਰੱਖਿਆ ਬਲਾਕ ਹੈ, ਜੋ ਸਭ ਤੋਂ ਵੱਡੇ ਅੰਤਰ-ਖੇਤਰੀ ਅੰਤਰਰਾਸ਼ਟਰੀ ਸੰਗਠਨਾਂ ਵਿੱਚੋਂ ਇੱਕ ਵਜੋਂ ਉਭਰਿਆ ਹੈ।

ਸੰਮੇਲਨ ਦੀ ਮੇਜ਼ਬਾਨੀ ਕਰ ਰਿਹਾ ਹੈ ਕਜ਼ਾਕਿਸਤਾਨ ਆਮ ਤੌਰ ਤੇ ਪ੍ਰਧਾਨ ਮੰਤਰੀ ਐਸਸੀਓ ਸੰਮੇਲਨ ਵਿੱਚ ਹਿੱਸਾ ਲੈਂਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਸਿਖਰ ਸੰਮੇਲਨ ਦੀ ਸਫਲਤਾ ਲਈ ਕਜ਼ਾਕਿਸਤਾਨ ਦੇ ਰਾਸ਼ਟਰਪਤੀ ਕਾਸਿਮ-ਜੋਮਾਰਟ ਤੋਕਾਏਵ ਨੂੰ ਭਾਰਤ ਦਾ ਪੂਰਾ ਸਮਰਥਨ ਜ਼ਾਹਰ ਕੀਤਾ।

ਕਜ਼ਾਕਿਸਤਾਨ ਮੌਜੂਦਾ ਚੇਅਰ ਦੇ ਤੌਰ ਤੇ ਸੰਮੇਲਨ ਦੀ ਮੇਜ਼ਬਾਨੀ ਕਰ ਰਿਹਾ ਹੈ। ਭਾਰਤ ਪਿਛਲੇ ਸਾਲ ਐਸਸੀਓ ਦਾ ਚੇਅਰਪਰਸਨ ਸੀ। ਇਸਨੇ ਪਿਛਲੇ ਸਾਲ ਜੁਲਾਈ ਵਿੱਚ ਇੱਕ ਵਰਚੁਅਲ ਫਾਰਮੈਟ ਵਿੱਚ SCO ਸਿਖਰ ਸੰਮੇਲਨ ਦੀ ਮੇਜ਼ਬਾਨੀ ਕੀਤੀ ਸੀ।

## ਨਗਰ ਕੌਂਸਲ ਜ਼ੀਰਕਪੁਰ ਦੇ ਪ੍ਰਧਾਨ ਦਾ ਤਖਤਾ ਪਲਟਣ ਦੀ ਕੋਸ਼ਿਸ਼ ?



ਜ਼ੀਰਕਪੁਰ, :( ਲੋਕ ਬਾਣੀ )- ਜ਼ੀਰਕਪੁਰ ਨਗਰ ਕੌਂਸਲ ਦੇ ਕੁੱਲ 31 ਵਾਰਡਾਂ ਦੇ ਕੌਂਸਲਰਾਂ ਵਿੱਚੋਂ 21 ਕੌਂਸਲਰਾਂ ਵੱਲੋਂ ਕੌਂਸਲ ਦੇ ਪ੍ਰਧਾਨ ਸ਼੍ਰੀ ਉਦੇ ਵੀਰ ਸਿੰਘ ਢਿੱਲੋਂ ਦੇ ਖਿਲਾਫ ਬੇਭਰੋਸਗੀ ਦਾ ਮਤਾ ਪਾਸ ਕਰਕੇ ਕੌਂਸਲ ਦੇ ਕਾਰਜ ਸਾਧਕ ਅਫਸਰ ਸ਼੍ਰੀ ਅਸ਼ੋਕ ਪਥਰੀਆ ਨੂੰ ਸੌਂਪਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਦੱਸਿਆ ਜਾਂਦਾ ਹੈ ਕਿ ਇਹਨਾਂ 21 ਕੌਂਸਲਰਾਂ ਵਿੱਚ 8 ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਿਤ ਕੌਂਸਲਰ ਵੀ ਸ਼ਾਮਲ ਹਨ । ਇਸ ਮਤੇ ਵਿੱਚ 14 ਦਿਨ ਦਾ ਨੋਟਿਸ ਦਿੱਤਾ ਗਿਆ ਹੈ ਤੇ ਉਮੀਦ ਜਤਾਈ ਜਾ ਰਹੀ ਹੈ ਕਿ 21 ਦਿਨ ਬਾਅਦ ਨਵੇਂ ਪ੍ਰਧਾਨ ਦੀ ਚੋਣ ਹੋ ਸਕਦੀ ਹੈ । ਬੇਭਰੋਸਗੀ ਦਾ ਮਤਾ ਪਾਸ ਕਰਨ ਵਾਲੇ ਕੌਂਸਲਰਾਂ ਨੇ ਇਹ ਦੋਸ਼ ਲਾਇਆ ਹੈ ਕਿ ਮੌਜੂਦਾ ਪ੍ਰਧਾਨ ਸ਼ਹਿਰ ਦੇ ਵਿਕਾਸ ਦੇ ਕੰਮਾਂ ਨੂੰ ਕਰਵਾਉਣ ਵਿੱਚ ਅਸਫਲ ਰਹੇ ਹਨ ਅਤੇ ਉਹ ਪਾਰਦਰਸ਼ੀ ਢੰਗ ਨਾਲ ਕੰਮ ਨਹੀਂ ਕਰ ਰਹੇ ਅਤੇ ਕੌਂਸਲਰਾਂ ਨੂੰ ਨਾਲ ਲੈ ਕੇ ਨਹੀਂ ਚੱਲ ਰਹੇ । ਦੂਜੇ ਪਾਸੇ ਨਗਰ ਕੌਂਸਲ ਜ਼ੀਰਕਪੁਰ ਦੇ ਮੌਜੂਦਾ ਪ੍ਰਧਾਨ ਸ਼੍ਰੀ ਉਦੇ ਵੀਰ ਸਿੰਘ ਢਿੱਲੋਂ ਨੇ ਕਿਹਾ ਹੈ ਕਿ ਉਹਨਾਂ ਪਾਸ ਲੋੜ ਅਨੁਸਾਰ ਪੂਰੇ ਐਮਸੀ ਹਨ ਅਤੇ ਕੁਝ ਕੌਂਸਲਰ ਉਹਨਾਂ ਨੂੰ ਬਦਨਾਮ ਕਰਨ ਤੇ ਕੁਰਸੀ ਦੇ ਲਾਲਚਵਸ਼ ਉਹਨਾਂ ਤੇ ਝੂਠੇ ਇਲਜ਼ਾਮ ਲਾ ਰਹੇ ਹਨ । ਉਹਨਾਂ ਇਹ ਵੀ ਦੱਸਿਆ ਹੈ ਕਿ ਉਹਨਾਂ ਨੂੰ ਫੋਨ ਰਾਹੀਂ ਸੂਚਨਾ ਮਿਲੀ ਹੈ ਕਿ ਕੋਈ ਦਰਖਾਸਤ ਕਾਰਜ ਸਾਧਕ ਅਫਸਰ ਨੂੰ ਦਿੱਤੀ ਗਈ ਹੈ ਜਿਸ ਤੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ ਅਤੇ ਮੀਟਿੰਗ ਬੁਲਾ ਕੇ ਉਸਦਾ ਢੁਕਵਾਂ ਬਣਦਾ ਜਵਾਬ ਦਿੱਤਾ ਜਾਵੇਗਾ । ਵਰਨਣਯੋਗ ਹੈ ਕਿ ਸੰਨ 2021 ਵਿੱਚ ਕੌਂਸਲ ਦੇ 31 ਵਾਰਡਾਂ ਵਿੱਚੋਂ ਕਾਂਗਰਸ ਦੇ 23 ਕੌਂਸਲਰਾਂ ਨੇ ਜਿੱਤ ਹਾਸਲ ਕਰਕੇ ਸ਼੍ਰੀ ਉਦੇਵੀਰ ਸਿੰਘ ਢਿੱਲੋਂ ਨੂੰ ਅਪਣਾ ਪ੍ਰਧਾਨ ਚੁਣਿਆ ਸੀ ਅਤੇ ਓਦੋਂ ਤੋਂ ਹੀ ਉਹ ਪ੍ਰਧਾਨ ਚੱਲੇ ਆ ਰਹੇ ਹਨ।